Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6


# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post


JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steeles Ave. W. Unit 11, Etobicoke, ON

Vol 19*Issue 158 | Wednesday, August 19, 2020 | Tel: 905-793-2202 | Fax: 905-793-2282 | news@punjabipost.ca

To view our online newspaper visit **punjabipost.ca/epaper** | *THE ONLY DAILY PUNJABI NEWSPAPER* | *ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਬਿੱਲ ਮੌਰਨਿਊ ਨੇ ਦਿੱਤਾ ਅਸਤੀਫਾ



ਟੋਰਾਂਟੋ 18 ਅਗਸਤ (ਪੋਸਟ ਬਿਊਰੋ): ਵੁਈ ਚੈਰਿਟੀ ਤੋਂ ਤੁਹਫੇ ਕਬੂਲ ਕਰਨ ਦੇ ਮਾਮਲੇ ਵਿੱਚ ਅਤੇ ਪ੍ਰਧਾਨ ਮੰਤਰੀ ਨਾਲ ਸਬੰਧ ਖਰਾਬ ਹੋਣ ਦੀਆਂ ਅਫਵਾਹਾਂ ਦੇ ਚੱਲਦਿਆ ਕੈਨੇਡਾ ਦੇ ਵਿੱਤ ਮੰਤਰੀ ਬਿੱਲ ਮੌਰਨਿਊ ਵੱਲੋਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਗਿਆ ਹੈ।

ਬਿੱਲ ਮੌਰਨਿਊ ਵੱਲੋਂ ਆਪਣੇ ਇਸ ਅਹੁਦੇ ਤੋਂ ਅਸਤੀਫੇ ਦਾ ਐਲਾਨ ਸੋਮਵਾਰ ਨੂੰ ਓਟਵਾ ਵਿੱਚ ਕੀਤੀ ਗਈ ਇੱਕ ਪ੍ਰੈਸ ਕਾਨਫਰੰਸ ਵਿੱਚ ਕੀਤਾ ਗਿਆ। ਉਨ੍ਹਾਂ ਸਪਸ਼ਟ ਕੀਤਾ ਕਿ ਉਹ ਕੈਬਨਿਟ ਮੰਤਰੀ ਦੇ ਆਪਣੇ ਅਹੁਦੇ ਅਤੇ ਟੋਰਾਂਟੋ ਸੈਂਟਰ ਲਈ ਆਪਣੀ ਮੈਂਬਰ ਪਾਰਲੀਆਮੈਂਟ ਵਾਲੀ ਸੀਟ ਦੋਵਾਂ ਤੋਂ ਹੀ ਅਸਤੀਫਾ ਦੇਣਗੇ।

ਉਨ੍ਹਾਂ ਆਖਿਆ ਕਿ ਉਹ ਇਕਨੌਮਿਕ ਕੋਆਪਰੇਸ਼ਨ ਐਂਡ ਡਿਵੈਲਪਮੈਂਟ (ਓਈਸੀਡੀ) ਲਈ ਆਗਰੇਨਾਈਜ਼ੇਸ਼ਨ ਦੇ ਸਕੱਤਰ ਜਨਰਲ ਬਣਨ ਬਾਰੇ ਜ਼ੋਰ ਲਾਉਣਗੇ। ਮੌਰਨਿਊ ਨੇ ਆਖਿਆ ਕਿ ਉਨ੍ਹਾਂ ਵੱਲੋਂ ਪ੍ਰਧਾਨ ਮੰਤਰੀ ਨੂੰ ਇਹ ਦੱਸਿਆ ਜਾ ਚੁੱਕਿਆ ਹੈ ਕਿ ਅਗਲੀਆਂ ਚੋਣਾ ਵਿੱਚ ਉਹ ਉਮੀਦਵਾਰ ਵਜੋਂ ਹਿੱਸਾ ਨਹੀ ਲੈਣਗੇ। ਉਨ੍ਹਾਂ ਆਖਿਆ ਕਿ ਹੁਣ ਨਵੇਂ ਵਿੱਤ ਮੰਤਰੀ ਦੇ ਅਹੁਦਾ ਸਾਂਭਣ ਦਾ ਸਮਾਂ ਆ ਗਿਆ ਹੈ। ਉਨ੍ਹਾਂ ਆਖਿਆ ਕਿ ਨਾ ਤਾਂ ਉਨ੍ਹਾਂ ਨੂੰ ਇਹ ਅਹੁਦਾ ਛੱਡਣ ਲਈ ਆਖਿਆ ਗਿਆ ਹੈ ਤੇ ਨਾ ਹੀ ਧੱਕੇ ਨਾਲ ਉਨ੍ਹਾਂ ਨੂੰ ਕੱਢਿਆ ਜਾ ਰਿਹਾ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਾਲ ਆਪਣੇ ਕਿਸੇ ਤਰ੍ਹਾਂ ਦੇ ਮਨ-ਮੁਟਾਵ ਤੋਂ ਵੀ ਇਨਕਾਰ ਕੀਤਾ।

## ਫਰੀਲੈਂਡ ਨੇ ਵਿੱਤ ਮੰਤਰੀ ਵਜੋਂ ਚੁੱਕੀ ਸੰਹੁ



ਓਟਵਾ, 18 ਅਗਸਤ (ਪੋਸਟ ਬਿਊਰੋ): ਲਿਬਰਲ ਸਰਕਾਰ ਵਿੱਚ ਹੋ ਰਹੇ ਫੇਰਬਦਲ ਦੌਰਾਨ ਕ੍ਰਿਸਟੀਆ ਫਰੀਲੈਂਡ ਨੇ ਮੰਗਲਵਾਰ ਦੁਪਹਿਰ ਨੂੰ ਕੈਨੇਡਾ ਦੇ ਨਵੇਂ ਵਿੱਤ ਮੰਤਰੀ ਵਜੋਂ ਸੰਹੁ ਚੁੱਕੀ। ਇਹ ਅਹਿਮ ਅਹੁਦਾ ਸਾਂਭਣ ਵਾਲੀ ਉਹ ਪਹਿਲੀ ਮਹਿਲਾ ਬਣ ਗਈ ਹੈ। ਜ਼ਿਕਰਯੋਗ ਹੈ ਕਿ ਇਸ ਨੂੰ ਕੈਬਨਿਟ ਦਾ ਸਰਬਉੱਚ ਅਹੁਦਾ ਵੀ ਮੰਨਿਆ ਜਾਂਦਾ ਹੈ।

ਫਰੀਲੈਂਡ, ਬਿੱਲ ਮੌਰਨਿਊ ਦੀ ਥਾਂ ਲਵੇਗੀ। ਬਿੱਲ ਮੌਰਨਿਊ ਵੱਲੋਂ ਵੁਈ ਚੈਰਿਟੀ ਵਿਵਾਦ ਦੇ ਚੱਲਦਿਆ ਸੋਮਵਾਰ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਗਿਆ ਸੀ। ਫਰੀਲੈਂਡ ਡਿਪਟੀ ਪ੍ਰਧਾਨ ਮੰਤਰੀ ਦੀ ਆਪਣੀ ਜ਼ਿੰਮੇਵਾਰੀ ਨਿਭਾਉਣੀ ਵੀ ਜਾਰੀ ਰੱਖੇਗੀ। ਪਰ ਨਿਊ ਬਰੰਜ਼ਵਿੱਕ ਤੋਂ ਐਮਪੀ ਡੌਮੀਨੀਕ ਲੀਬਲੈਂਕ ਫਰੀਲੈਂਡ ਤੋਂ ਅੰਤਰਰਾਜੀ ਮਾਮਲਿਆ ਵਾਲੇ ਅਹੁਦੇ ਦਾ ਚਾਰਜ ਲੈ ਲੈਣਗੇ।

ਇਸ ਸੰਹੁ ਚੁੱਕ ਪ੍ਰੋਗਰਾਮ ਵਿੱਚ ਟਰੂਡੋ ਦੇ ਨਾਲ ਨਾਲ ਉਨ੍ਹਾਂ ਦੀ ਪਤਨੀ ਸੋਫੀ ਗ੍ਰੈਗੋਇਰ ਟਰੂਡੋ ਨੇ ਵੀ ਹਿੱਸਾ ਲਿਆ। ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲਿਆਂ ਵੱਲੋਂ ਸੋਸ਼ਲ ਡਿਸਟੈਂਸਿੰਗ ਤਾਂ ਬਰਕਰਾਰ ਰੱਖੀ ਹੀ ਗਈ ਸਗੋਂ ਇਸ ਦੇ ਨਾਲ ਨਾਲ ਮਾਸਕ ਵੀ ਪਾਏ ਗਏ। ਸਿਰਫ ਸੰਹੁ ਚੁੱਕਣ ਸਮੇਂ ਮਾਸਕ ਹਟਾਏ ਗਏ। ਪੁਰਾਣੀ ਰਵਾਇਤ ਮੁਤਾਬਕ ਟਰੂਡੋ ਵੱਲੋਂ ਜਫੀ ਪਾਏ ਜਾਣ ਦੀ ਥਾਂ ਪ੍ਰਧਾਨ ਮੰਤਰੀ ਨੇ ਫਰੀਲੈਂਡ ਤੇ ਲੀਬਲੈਂਕ ਨਾਲ ਕੂਹਣੀ ਮਿਲਾਈ।

ਵਿੱਤ ਮੰਤਰੀ ਵਜੋਂ ਫਰੀਲੈਂਡ ਨੂੰ ਹੁਣ ਕੈਨੇਡਾ ਨੂੰ ਗ੍ਰੇਟ ਡਿਪਰੈਸ਼ਨ ਤੋਂ ਬਾਅਦ ਸੱਭ ਤੋਂ ਵੱਡੇ ਆਰਥਿਕ ਸੰਕਟ ਵਿੱਚੋਂ ਬਾਹਰ ਕਰਨ ਲਈ ਜ਼ੋਰ ਲਾਉਣਾ ਹੋਵੇਗਾ। ਇੱਥੇ ਦੱਸਣਾ ਬਣਦਾ ਹੈ ਕਿ ਸਰਕਾਰ ਵੱਲੋਂ ਅਜੇ ਤੱਕ 2020 ਦਾ ਬਜਟ ਵੀ ਪੇਸ਼ ਨਹੀਂ ਕੀਤਾ ਗਿਆ। ਅਜਿਹਾ ਇਸ ਲਈ ਕਿਉਂਕਿ ਮਾਰਚ ਵਿੱਚ ਪੇਸ਼ ਕੀਤੇ ਜਾਣ ਵਾਲੇ ਬਜਟ ਸਮੇਂ ਮਹਾਂਮਾਰੀ ਨੇ ਘੇਰਾ ਪਾ ਲਿਆ ਸੀ ਤੇ ਬਜਟ ਪੇਸ਼ ਕਰਨ ਦੀ ਕਵਾਇਦ ਵਿੱਚੇ ਹੀ ਰਹਿ ਗਈ ਸੀ।

Best Insurance Rates
Auto ▪ Home ▪ Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

## ਟਰੂਡੋ ਨੇ 23 ਸਤੰਬਰ ਤੱਕ ਪਾਰਲੀਆਮੈਂਟ ਦੀ ਕਾਰਵਾਈ ਕੀਤੀ ਮੁਲਤਵੀ




ਓਟਵਾ, 18 ਅਗਸਤ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਪਾਰਲੀਆਮੈਂਟ ਦੀ ਕਾਰਵਾਈ 23 ਸਤੰਬਰ ਤੱਕ ਮੁਲਤਵੀ ਕਰ ਦਿੱਤੀ ਗਈ ਹੈ। ਪਾਰਲੀਮਾਨੀ ਕੰਮਕਾਜ ਤੋਂ ਇਹ ਇੱਕ ਮਹੀਨੇ ਦਾ ਵਕਫਾ ਲੈ ਕੇ ਸਰਕਾਰ ਮਹਾਂਮਾਰੀ ਵਿੱਚੋਂ ਬਾਹਰ ਨਿਕਲਣ ਲਈ ਰਾਹ ਕੱਢੇਗੀ।

ਟਰੂਡੋ ਨੇ ਆਖਿਆ ਕਿ ਸਤੰਬਰ ਦੇ ਅਖੀਰ ਵਿੱਚ ਦਿੱਤੇ ਜਾਣ ਵਾਲੇ ਰਾਜ ਭਾਸ਼ਣ ਤੋਂ ਬਾਅਦ ਨਵੇਂ ਪਾਰਲੀਮਾਨੀ ਸੈਸ਼ਨ ਦੀ ਸ਼ੁਰੂਆਤ ਹੋਵੇਗੀ। ਜਿਸ ਦੌਰਾਂਨ ਕੋਵਿਡ-19 ਨਾਲ ਟਾਕਰੇ ਦੇ ਅਗਲੇ ਪੜਾਅ ਉੱਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਪਾਰਲੀਆਮੈਂਟ ਦੀ ਕਾਰਵਾਈ ਮੁਲਤਵੀ ਕਰਨ ਲਈ ਗਵਰਨਰ ਜਨਰਲ ਜੂਲੀ ਪੇਯੈਟ ਤੋਂ ਉਨ੍ਹਾਂ ਦੀ ਸਰਕਾਰ ਨੇ ਇਜਾਜ਼ਤ ਕਿਉਂ ਲਈ ਇਸ ਬਾਰੇ ਜਾਣਕਾਰੀ ਦਿੰਦਿਆਂ ਟਰੂਡੋ ਨੇ ਆਖਿਆ ਕਿ ਸਾਨੂੰ ਆਪਣੇ ਤਾਂਘਵਾਣ ਵਿਚਾਰ ਲਾਗੂ ਕਰਨ ਲਈ ਪਾਰਲੀਆਮੈਂਟ ਦੇ ਇਸ ਸੈਸ਼ਨ ਤੋਂ ਅੱਗੇ ਵਧਣ ਲਈ ਇਜਾਜ਼ਤ ਚਾਹੀਦੀ ਸੀ।

ਹਾਲਾਕਿ ਟਰੂਡੋ ਵੱਲੋਂ ਤਹੱਈਆ ਪ੍ਰਗਟਾਇਆ ਗਿਆ ਕਿ ਪਾਰਲੀਆਮੈਂਟ ਦੀ ਕਾਰਵਾਈ ਮੁਲਤਵੀ ਕਰਨ ਦੇ ਇਸ ਫੈਸਲੇ ਨਾਲ ਸਰਕਾਰ ਵੱਲੋਂ ਕੋਵਿਡ-19 ਸਬੰਧੀ ਚੱਲ ਰਹੇ ਕੰਮਕਾਜ ਉੱਤੇ ਕੋਈ ਅਸਰ ਨਹੀਂ ਪਵੇਗਾ, ਪਰ ਹਾਊਸ ਆਫ ਕਾਮਨਜ਼ ਦੇ ਕੰਮਕਾਜ ਨੂੰ ਮੁਲਤਵੀ ਕਰਨ ਤੋਂ ਭਾਵ ਹੋਵੇਗਾ ਕਿ ਉਨ੍ਹਾਂ ਦੀ ਸਰਕਾਰ ਸਬੰਧੀ ਚੱਲ ਰਹੀਆਂ ਕਈ ਤਰ੍ਹਾਂ ਦੀ ਕਮੇਟੀ ਜਾਂਚ ਤੇ ਵੁਈ ਚੈਰਿਟੀ ਸਟੂਡੈਂਟ ਗ੍ਰਾਂਟ ਵਿਵਾਦ ਉੱਤੇ ਆਰਜ਼ੀ ਤੌਰ ਉੱਤੇ ਰੋਕ ਲਗ ਜਾਵੇਗੀ। ਵਿਸ਼ੇਸ਼ ਸਿਟਿੰਗ ਜਲਦਬਾਜ਼ੀ ਵਿੱਚ ਕੀਤੀ ਜਾਵੇਗੀ ਤੇ ਹੋਰ ਐਮਰਜੰਸੀ ਬਿੱਲ ਲਿਆਉਣ ਦੀ ਯੋਜਨਾ ਉੱਤੇ ਹਾਲ ਦੀ ਘੜੀ ਰੋਕ ਲਾਈ ਜਾਵੇਗੀ।

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885



50 Sky Harbour Dr unit #3, Brampton, ON L6Y 6G9, +1 (905) 452-7907

Canada Consumer Credit Assistance
ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal, Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya, Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley, Barrister, Solicitor & Notary Public
905-362-0755

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA, Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan, Certified Instructor


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere. No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਫੋਰਡ ਨੇ ਲਗਾਇਆ ਓਨਟਾਰੀਓ ਦੀਆਂ ਟੀਚਰਜ਼ ਯੂਨੀਅਨਜ਼ ਉੱਤੇ ਸਿਆਸਤ ਖੇਡਣ ਦਾ ਦੋਸ਼

ਓਨਟਾਰੀਓ, 18 ਅਗਸਤ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਵੱਲੋਂ ਓਨਟਾਰੀਓ ਦੀਆਂ ਟੀਚਰਜ਼ ਯੂਨੀਅਨਜ਼ ਉੱਤੇ ਸਿਆਸਤ ਖੇਡਣ ਦਾ ਦੋਸ਼ ਲਾਇਆ ਗਿਆ ਹੈ। ਫੋਰਡ ਸਰਕਾਰ ਵੱਲੋਂ ਲਿਆਂਦੇ ਬੈਕ ਟੂ ਸਕੂਲ ਪਲੈਨ ਦੇ ਸਬੰਧ ਵਿੱਚ ਇਹ ਯੂਨੀਅਨਜ਼ ਸਰਕਾਰ ਦਾ ਵਿਰੋਧ ਕਰ ਰਹੀਆਂ ਹਨ।



ਫੋਰਡ ਨੇ ਆਖਿਆ ਕਿ ਉਨ੍ਹਾਂ ਵੱਲੋਂ ਅਗਲੇ ਮਹੀਨੇ ਤੋਂ ਸਕੂਲ ਖੋਲ੍ਹਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਹ ਫੈਸਲਾ ਸਿਹਤ ਮਾਹਿਰਾਂ ਦੀ ਰਾਇ ਤੋਂ ਬਾਅਦ ਹੀ ਲਿਆ ਗਿਆ ਹੈ। ਕਲਾਸਾਂ ਦੇ ਆਕਾਰ ਨੂੰ ਘਟਾਉਣ ਅਤੇ ਸਕੂਲ ਡੇਅ ਨੂੰ ਛੋਟਾ ਕਰਨ ਦੇ ਸਬੰਧ ਵਿੱਚ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਪੇਸ਼ ਕੀਤੀ ਗਈ ਯੋਜਨਾ ਨਕਾਰੇ ਜਾਣ ਤੋਂ ਬਾਅਦ ਬੋਰਡ ਵੱਲੋਂ ਆਪਣੀ ਰੀਓਪਨਿੰਗ ਯੋਜਨਾਂ ਨੂੰ ਮੁੜ ਉਲੀਕਣ ਲਈ ਮੀਟਿੰਗ ਸੱਦੀ ਗਈ ਹੈ। ਬੋਰਡ ਦੇ ਇਸ ਫੈਸਲੇ ਤੋਂ ਬਾਅਦ ਹੀ ਫੋਰਡ ਵੱਲੋਂ ਇਹ ਟਿੱਪਣੀ ਕੀਤੀ ਗਈ।

ਟੀਚਰਜ਼ ਯੂਨੀਅਨਾਂ ਦੇ ਨਾਲ ਨਾਲ ਕੁੱਝ ਮਾਪੇ ਤੇ ਸਕੂਲ ਬੋਰਡਜ਼ ਵੱਲੋਂ ਵੀ ਸਰਕਾਰ ਦੇ ਬੈਕ ਟੂ ਸਕੂਲ ਪਲੈਨ ਸਬੰਧੀ ਚਿੰਤਾ ਪ੍ਰਗਟਾਈ ਗਈ ਹੈ। ਇਸ ਦੌਰਾਨ ਐਲੀਮੈਂਟਰੀ ਸਕੂਲ ਕਲਾਸਾਂ ਦਾ ਆਕਾਰ ਵੀ ਨਹੀਂ ਘਟਾਇਆ ਜਾ ਰਿਹਾ। ਇਨ੍ਹਾਂ ਚਿੰਤਾਵਾਂ ਉੱਤੇ ਪ੍ਰਤੀਕਿਰਿਆ ਦਿੰਦਿਆਂ ਪ੍ਰੋਵਿੰਸ ਇਹ ਆਖ ਚੁੱਕਿਆ ਹੈ ਕਿ ਬੋਰਡ ਆਪਣੀਆਂ ਸੇਵਿੰਗਜ਼ ਵਿੱਚੋਂ 550 ਮਿਲੀਅਨ ਡਾਲਰ ਖਰਚ ਕੇ ਕਲਾਸਾਂ ਵਿੱਚ ਫਿਜ਼ੀਕਲ ਡਿਸਟੈਂਸਿੰਗ ਕਰਵਾ ਸਕਦੇ ਹਨ।

ਇਸ ਦੌਰਾਨ ਓਨਟਾਰੀਓ ਵਿੱਚ ਕੋਵਿਡ-19 ਦੇ 125 ਨਵੇਂ ਮਾਮਲੇ ਹੋਰ ਸਾਹਮਣੇ ਆਏ ਹਨ। ਹੁਣ ਪ੍ਰੋਵਿੰਸ ਵਿੱਚ ਕੋਵਿਡ-19 ਦੇ ਮਾਮਲਿਆ ਦੀ ਕੁੱਲ ਗਿਣਤੀ 40,870 ਤੱਕ ਅੱਪੜ ਗਈ ਹੈ, ਇਸ ਵਾਇਰਸ ਕਾਰਨ 2,793 ਲੋਕ ਮਾਰੇ ਜਾ ਚੁੱਕੇ ਹਨ ਤੇ 37,126 ਮਾਮਲੇ ਠੀਕ ਹੋ ਚੁੱਕੇ ਹਨ।

# ਡਾਇਐਨ ਫਿਨਲੇ ਵੱਲੋਂ ਅਗਲੀਆਂ ਚੋਣਾਂ ਵਿੱਚ ਉਮੀਦਵਾਰ ਵਜੋਂ ਹਿੱਸਾ ਨਾ ਲੈਣ ਦਾ ਐਲਾਨ

ਓਟਵਾ, 18 ਅਗਸਤ (ਪੋਸਟ ਬਿਊਰੋ) : ਲੰਮੇਂ ਸਮੇਂ ਤੋਂ ਕੰਜ਼ਰਵੇਟਿਵ ਐਮਪੀ ਰਹੀ ਡਾਇਐਨ ਫਿਨਲੇ ਨੇ ਐਲਾਨ ਕੀਤਾ ਹੈ ਕਿ ਉਹ ਅਗਲੀਆਂ ਚੋਣਾਂ ਵਿੱਚ ਉਮੀਦਵਾਰ ਵਜੋਂ ਹਿੱਸਾ ਨਹੀਂ ਲਵੇਗੀ।



ਫਿਨਲੇ ਨੇ ਆਖਿਆ ਕਿ ਉਨ੍ਹਾਂ ਦਾ ਸਿਆਸੀ ਸਫਰ ਬਹੁਤ ਵਧੀਆ ਰਿਹਾ ਪਰ ਹੁਣ ਉਹ ਸਿਆਸਤ ਨੂੰ ਅਲਵਿਦਾ ਆਖਣਾ ਚਾਹੁੰਦੀ ਹੈ। ਉਹ ਓਨਟਾਰੀਓ ਦੇ ਹਲਕੇ ਹਾਲਡੀਮੰਡ-ਨੌਰਫੋਕ ਦੀ ਨੁਮਾਇੰਦਗੀ 2004 ਤੋਂ ਕਰ ਰਹੀ ਹੈ। ਸਾਬਕਾ ਕੰਜ਼ਰਵੇਟਿਵ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਅਗਵਾਈ ਵਿੱਚ ਫਿਨਲੇ ਨੇ ਕੈਬਨਿਟ ਦੇ ਕਈ ਅਹੁਦਿਆਂ ਉੱਤੇ ਕੰਮ ਕੀਤਾ ਤੇ ਵਿਰੋਧੀ ਧਿਰ ਵਿੱਚ ਰਹਿੰਦਿਆਂ ਵੀ ਉਨ੍ਹਾਂ ਦਮਦਾਰ ਭੂਮਿਕਾ ਨਿਭਾਈ।

ਹੁਣ ਫਿਨਲੇ ਵੀ ਉਨ੍ਹਾਂ ਐਮਪੀਜ਼ ਦੀ ਵੰਨਗੀ ਵਿੱਚ ਆ ਗਈ ਹੈ ਜਿਹੜੇ ਅਗਲੀਆਂ ਚੋਣਾਂ ਵਿੱਚ ਉਮੀਦਵਾਰੀ ਨਹੀਂ ਚਾਹੁੰਦੇ। ਇਨ੍ਹਾਂ ਵਿੱਚ ਸਭ ਤੋਂ ਵੱਧ ਜ਼ਿਕਰਯੋਗ ਨਾਂ ਬਿਲ ਮੌਰਨਿਊ ਦਾ ਹੈ, ਜਿਨ੍ਹਾਂ ਨੇ ਸੋਮਵਾਰ ਨੂੰ ਵਿੱਤ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

ਇਨ੍ਹਾਂ ਤੋਂ ਇਲਾਵਾ ਲਿਬਰਲ ਐਮਪੀ ਮਾਈਕਲ ਲੈਵਿਟ ਨੇ ਪਿੱਛੇ ਜਿਹੇ ਇਹ ਐਲਾਨ ਕੀਤਾ ਹੈ ਕਿ ਉਹ ਆਪਣੀ ਟੋਰਾਂਟੋ ਏਰੀਆ ਦੀ ਸੀਟ ਛੱਡ ਰਹੇ ਹਨ, ਜਦਕਿ ਕੰਜ਼ਰਵੇਟਿਵ ਐਮਪੀ ਬਰੂਸ ਸਟੈਂਟਨ ਜੂਨ ਵਿੱਚ ਇਹ ਐਲਾਨ ਕਰ ਚੁੱਕੇ ਹਨ ਕਿ ਉਹ ਆਪਣੇ ਓਨਟਾਰੀਓ ਹਲਕੇ ਤੋਂ ਹੁਣ ਉਮੀਦਵਾਰੀ ਨਹੀਂ ਚਾਹੁੰਦੇ।

# ਪੁਲਿਸ ਨੇ ਦੋ ਵਾਰੀ ਇੱਕ ਵਿਅਕਤੀ ਉੱਤੇ ਕੀਤੀ ਟੇਜ਼ਰ ਦੀ ਵਰਤੋਂ

ਵਾਅਨ, 18 ਅਗਸਤ (ਪੋਸਟ ਬਿਊਰੋ) : ਪ੍ਰੋਵਿੰਸ ਦੀ ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ (ਐਸਆਈਯੂ) 24 ਸਾਲਾ ਨੌਜਵਾਨ ਨੂੰ ਪੁਲਿਸ ਵੱਲੋਂ ਦੋ ਵਾਰੀ ਟੇਜ਼ਰ ਲਾਏ ਜਾਣ ਅਤੇ ਐਂਟੀ ਰਾਇਟ ਹਥਿਆਰ ਨਾਲ ਮਾਰਨ ਦੇ ਮਾਮਲੇ ਦੀ ਜਾਂਚ ਕਰ ਰਹੀ ਹੈ।



ਯੌਰਕ ਰੀਜਨਲ ਪੁਲਿਸ ਨੂੰ ਸੋਮਵਾਰ ਨੂੰ ਸਵੇਰੇ 9:30 ਵਜੇ ਬੇਕਰਜ਼ਫੀਲਡ ਪਾਰਕ ਵਿੱਚ ਸੱਦਿਆ ਗਿਆ। ਪੁਲਿਸ ਨੂੰ ਦੱਸਿਆ ਗਿਆ ਕਿ ਇੱਕ ਵਿਅਕਤੀ ਇੱਥੇ ਹਥਿਆਰ ਲੈ ਕੇ ਘੁੰਮ ਰਿਹਾ ਹੈ। ਪੁਲਿਸ ਵਾਚਡੌਗ ਨੇ ਦੱਸਿਆ ਕਿ ਉਸ ਵਿਅਕਤੀ ਤੇ ਪੁਲਿਸ ਵਿਚਾਲੇ ਕਿਸੇ ਗੱਲ ਨੂੰ ਲੈ ਕੇ ਬਹਿਸ ਹੋਈ ਤੇ ਐਨੇ ਚਿਰ ਨੂੰ ਪੁਲਿਸ ਨੇ ਉਸ ਨੂੰ ਟੇਜ਼ਰ ਲਾ ਦਿੱਤਾ।

ਇਸ ਮਗਰੋਂ ਉਹ ਵਿਅਕਤੀ ਭੱਜ ਨਿਕਲਿਆ ਤੇ ਫਿਰ ਉਸ ਦੀ ਪੁਲਿਸ ਅਧਿਕਾਰੀਆਂ ਨਾਲ ਦੂਜੀ ਵਾਰੀ ਬਹਿਸ ਹੋਈ। ਫਿਰ ਪੁਲਿਸ ਅਧਿਕਾਰੀਆਂ ਵੱਲੋਂ ਦੂਜੀ ਵਾਰੀ ਉਸ ਨੂੰ ਟੇਜ਼ਰ ਲਾਇਆ ਗਿਆ। ਪੁਲਿਸ ਅਧਿਕਾਰੀ ਨੇ ਐਂਟੀ ਰਾਇਟ ਵੈਪਨ ਐਨਫੀਲਡ ਨਾਲ ਉਸ ਵਿਅਕਤੀ ਨੂੰ ਨਿਸ਼ਾਨਾ ਬਣਾਇਆ। ਉਸ ਵਿਅਕਤੀ ਨੂੰ ਮੈਂਟਲ ਹੈਲਥ ਐਕਟ ਤਹਿਤ ਕਾਬੂ ਕੀਤਾ ਗਿਆ ਤੇ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੂੰ ਗੰਭੀਰ ਜ਼ਖ਼ਮੀ ਦੱਸਿਆ ਗਿਆ।

# ਮਹਿਲਾ ਦੀ ਮੌਤ ਦੇ ਸਬੰਧ ਵਿੱਚ 80 ਸਾਲਾ ਵਿਅਕਤੀ ਗ੍ਰਿਫਤਾਰ

ਟੋਰਾਂਟੋ, 18 ਅਗਸਤ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਮਿਸੀਸਾਗਾ ਦੇ ਇੱਕ ਘਰ ਵਿੱਚ ਹੋਈ ਸ਼ੱਕੀ ਮੌਤ ਦੇ ਮਾਮਲੇ ਦੀ ਪੀਲ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।




ਹੁਰੌਨਤਾਰੀਓ ਸਟਰੀਟ ਤੇ ਬਰਨਹੈਮਥੌਰਪ ਰੋਡ ਇਲਾਕੇ ਵਿੱਚ ਕਾਨੇਫ ਡਰਾਈਵ ਵਿੱਚ ਸਥਿਤ ਰਿਹਾਇਸ਼ੀ ਬਿਲਡਿੰਗ ਦੇ ਇੱਕ ਅਪਾਰਟਮੈਂਟ ਵਿੱਚ ਹੋਈ ਮੌਤ ਦੇ ਸਬੰਧ ਵਿੱਚ ਪੁਲਿਸ ਨੂੰ ਸਵੇਰੇ 8:10 ਵਜੇ ਸੱਦਿਆ ਗਿਆ।

ਇਸ ਘਰ ਵਿੱਚ 80 ਸਾਲਾਂ ਦੀ ਇੱਕ ਮਹਿਲਾ ਮ੍ਰਿਤਕ ਪਾਈ ਗਈ ਸੀ। ਅਜੇ ਤੱਕ ਉਸ ਦੀ ਮੌਤ ਦੇ ਕਾਰਨਾਂ ਦਾ ਕੋਈ ਪਤਾ ਨਹੀਂ ਲੱਗਿਆ ਹੈ। ਪੁਲਿਸ ਵੱਲੋਂ ਉਸ ਦੀ ਮੌਤ ਨੂੰ ਸ਼ੱਕੀ ਮੰਨਿਆ ਜਾ ਰਿਹਾ ਹੈ। ਇਸ ਮੌਤ ਦੇ ਸਬੰਧ ਵਿੱਚ ਪੁਲਿਸ ਵੱਲੋਂ ਇਸ ਘਰ ਵਿੱਚ ਹੀ ਰਹਿਣ ਵਾਲੇ 80 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਜਾਂਚਕਾਰਾਂ ਅਨੁਸਾਰ ਇਹ ਮਹਿਲਾ ਤੇ ਪੁਰਸ਼ ਦੋਵੇਂ ਇੱਕ ਦੂਜੇ ਨੂੰ ਜਾਣਦੇ ਸਨ ਤੇ ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਕਤਲ ਨਾਲ ਸਬੰਧਤ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਇਸ ਮਾਮਲੇ ਦੀ ਜਾਂਚ ਦੀ ਜ਼ਿੰਮੇਵਾਰੀ ਹੋਮੀਸਾਈਡ ਤੇ ਮਿਸਿੰਗ ਪਰਸਨਜ਼ ਬਿਊਰੋ ਵੱਲੋਂ ਲੈ ਲਈ ਗਈ ਹੈ।

# ਕੈਪਟਨ ਨੇ ਦਰਿਆਈ ਪਾਣੀਆਂ ਦੇ ਦੋਬਾਰਾ ਮੁਲੰਕਣ ਕਰਨ ਵਾਸਤੇ ਨਵੇਂ ਟ੍ਰਿਬਿਊਨਲ ਦੀ ਮੰਗ ਚੁੱਕੀ

## * ਐੱਸ ਵਾਈ ਐੱਲ ਮੁੱਦੇ ਤੋਂ ਕੌਮੀ ਸੁਰੱਖਿਆ ਨੂੰ ਖਤਰਾ ਦੱਸਿਆ

ਚੰਡੀਗੜ੍ਹ, 18 ਅਗਸਤ, (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਵਿਚਾਲੇ ਦਰਿਆਈ ਪਾਣੀਆਂ ਦੇ ਝਗੜੇ ਵਿੱਚ ਵੱਡੇ ਰੇੜਕੇ ਦਾ ਕਾਰਨ ਬਣੀ ਸਤਲੁਜ ਯਮਨਾ ਲਿੰਕ ਨਹਿਰ (ਐੱਸ ਵਾਈ ਐੱਲ) ਦੇ ਮੁੱਦੇ ਉੱਤੇਕੇਂਦਰ ਦੀ ਸਰਕਾਰ ਨੂੰ ਸੁਚੇਤ ਰਹਿਣ ਦੀ ਅਪੀਲ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਮੰਗਲਵਾਰ ਸਾਫਕਹਿ ਦਿੱਤਾ ਕਿ ਇਹ ਮੁੱਦਾ ਭਾਰਤ ਦੀ ਸੁਰੱਖਿਆ ਨੂੰ ਭੰਗ ਕਰਨ ਦੀ ਸੰਭਾਵਨਾਰਖਦਾ ਹੈ। ਮੁੱਖ ਮੰਤਰੀ ਨੇ ਤੈਅ ਸਮੇਂ ਵਿੱਚ ਪਾਣੀ ਦੀ ਮੌਜੂਦਗੀ ਦਾ ਤਾਜ਼ਾ ਮੁਲੰਕਣ ਕਰਨ ਲਈ ਇੱਕ ਨਵੇਂ ਟ੍ਰਿਬਿਊਨਲ ਦੀ ਲੋੜ ਦੱਸ ਕੇ ਇਹ ਮੰਗ ਵੀ ਜ਼ੋਰ ਨਾਲ ਪੇਸ਼ ਕਰ ਦਿੱਤੀ ਕਿ ਯਮੁਨਾ ਦਰਿਆ ਸਮੇਤ ਸਾਰੇ ਸਰੋਤਾਂ ਵਿੱਚੋਂਪੰਜਾਬ ਨੂੰ ਵੀ ਪੂਰਾ ਹਿੱਸਾ ਮਿਲਣਾ ਚਾਹੀਦਾ ਹੈ।

ਸੁਪਰੀਮ ਕੋਰਟ ਵਿੱਚ ਦਿੱਤੇ ਭਰੋਸੇ ਮੁਤਾਬਕ ਅੱਜ ਕੇਂਦਰ ਦੇ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਵੱਲੋਂ ਕਰਵਾਈ ਵੀਡੀਓ ਕਾਨਫਰੰਸ ਮੀਟਿੰਗ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਸਾਫ ਕਿਹ ਕਿ 'ਤੁਸੀਂ ਇਸ ਕੇਸ ਨੂੰ ਕੌਮੀ ਸੁਰੱਖਿਆ ਦੇ ਪੱਖਤੋਂ ਦੇਖ ਲਵੋ। ਐੱਸ ਵਾਈ ਐੱਲਬਾਰੇ ਅੱਗੇ ਵਧਣ ਦਾ ਫ਼ੈਸਲਾ ਕੀਤਾ ਗਿਆ ਤਾਂ ਪੰਜਾਬ ਸੜੇਗਾ ਤੇ ਇਹ ਕੌਮੀ ਸਮੱਸਿਆ ਬਣ ਜਾਵੇਗੀ, ਜਿਸ ਤੋਂ ਹਰਿਆਣਾ ਤੇ ਰਾਜਸਥਾਨ ਵੀ ਪ੍ਰਭਾਵਤ ਹੋਣਗੇ।' ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਬਾਅਦ ਵਿਚ ਇਸ ਮੀਟਿੰਗ ਨੂੰ 'ਸਕਾਰਤਮਕ ਅਤੇ ਦੋਸਤਾਨਾ' ਮਾਹੌਲ ਵਿਚ ਹੋਈ ਦੱਸਦੇ ਹੋਏ ਕਿਹਾ ਕਿ ਕੇਂਦਰੀ ਮੰਤਰੀ ਪੰਜਾਬ ਦਾਪੱਖ ਸਮਝਦੇ ਹਨ। ਪਾਕਿਸਤਾਨ ਵਲੋਂਪੰਜਾਬ ਵਿਚ ਗੜਬੜ ਫੈਲਾਉਣ



ਅਤੇ ਪਾਬੰਦੀਸ਼ੁਦਾ ਸਿੱਖਸ ਫਾਰ ਜਸਟਿਸ ਸੰਸਥਾ ਦੇ ਰਾਹੀਂ ਵੱਖਵਾਦੀ ਨੂੰ ਮੁੜ ਖੜਾ ਕਰਨ ਦੇ ਯਤਨਾਂ ਦਾ ਇਸ਼ਾਰਾ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਹਰ ਪਾਸੇ ਤੋਂ ਖਤਰੇ ਵਿਚ ਹੈ। ਉਨ੍ਹਾਂ ਚਿਤਾਵਨੀ ਦਿਤੀ ਕਿ ਪਾਣੀਆਂ ਦਾ ਮੁੱਦਾ ਇਸ ਰਾਜ ਵਿਚਲੀ ਸਥਿਤੀ ਨੂੰ ਅਸਥਿਰ ਕਰਨ ਵੱਲ ਧੱਕ ਦੇਵੇਗਾ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇਕਿਹਾ ਕਿ ਯਮੁਨਾ ਦੇ ਪਾਣੀ ਉਤੇ ਪੰਜਾਬ ਦਾ ਵੀ ਹੱਕ ਸੀ, ਜਿਹੜਾ 1966 ਦੀ ਵੰਡ ਵੇਲੇ ਹਰਿਆਣਾ ਨਾਲ 60:40 ਅਨੁਪਾਤ ਦੀ ਵੰਡ ਅਨੁਸਾਰਪੰਜਾਬ ਨੂੰਨਹੀਂ ਮਿਲਿਆ। ਉਨ੍ਹਾਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਟੇਬਲ ਉਤੇ ਬੈਠ ਕੇ ਇਸ ਭਾਵੁਕ ਮੁੱਦੇ ਉਤੇ ਚਰਚਾ ਲਈ ਅਪਣੀ ਇੱਛਾ ਪ੍ਰਗਟ ਕੀਤੀ ਅਤੇ ਸੁਝਾਅ ਦਿਤਾ ਕਿ ਐੱਸ ਵਾਈ ਐੱਲ ਨਹਿਰ ਜਾਂ ਰਾਵੀ ਬਿਆਸ ਪਾਣੀਆਂਦੀ ਚਰਚਾ ਵਿੱਚ ਰਾਜਸਥਾਨ ਵੀ ਸੱਦਿਆ ਜਾਵੇ, ਕਿਉਂਕਿ ਉਹ ਇਸ ਸਮਝੌਤੇ ਦੀ ਇੱਕ ਧਿਰ ਹੈ। ਮੀਟਿੰਗ ਵਿਚ ਫ਼ੈਸਲਾ ਹੋਇਆ ਕਿ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀ ਇਸ ਬਾਰੇ ਅਗਲੀ ਚਰਚਾ ਲਈ ਚੰਡੀਗੜ੍ਹ ਵਿਚ ਮਿਲਣਗੇ, ਜਿਸ ਦੀ ਤਰੀਕ ਬਾਅਦ ਵਿਚ ਐਲਾਨੀ ਜਾਵੇਗੀ।

ਅੱਜ ਦੀ ਵੀਡੀਓ ਕਾਨਫਰੰਸ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਬਹੁਤਾ ਜ਼ੋਰ ਇਸ ਗੱਲ ਉੱਤੇ ਦਿੱਤਾ ਕਿ ਪਾਣੀ ਦੀ ਵੰਡ ਦਾਸਹੀ ਅਦਾਲਤੀ ਹੁਕਮ ਲੈਣ ਵਾਸਤੇਨਵਾਂ ਟ੍ਰਿਬਿਊਨਲ ਬਣਾਉਣਾ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਇਰਾਡੀ ਕਮਿਸ਼ਨ ਵਲੋਂ ਤਜਵੀਜ਼ ਕੀਤੀ ਪਾਣੀ ਦੀ ਵੰਡ 40 ਸਾਲ ਪੁਰਾਣੀ ਹੈ, ਕੌਮਾਂਤਰੀ ਨਿਯਮਾਂ ਅਨੁਸਾਰ ਸਥਿਤੀ ਪਤਾ ਕਰਨ ਲਈ ਹਰ 25 ਸਾਲਾਂ ਬਾਅਦ ਮੁਲੰਕਣ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ, 'ਜੇ ਸਾਡੇ ਕੋਲ ਪਾਣੀ ਹੁੰਦਾ ਤਾਂ ਦੇਣ ਵਿਚਮੈਨੂੰਮੁਸ਼ਕਲਨਹੀਂ ਸੀ।' ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਦੱਖਣੀ ਹਰਿਆਣਾ ਦੇ ਕੁਝ ਖੇਤਰ ਪਹਿਲਾਂ ਕਦੇ ਪਟਿਆਲਾ ਰਿਆ-ਸਤ ਦਾ ਹਿੱਸਾ ਸਨ ਅਤੇ ਉਨ੍ਹਾਂ ਨੂੰ ਨਿਜੀ ਤੌਰ ਉੱਤੇ ਇਸ ਖੇਤਰ ਨਾਲ ਵਿਸ਼ੇਸ਼ ਪਿਆਰ ਹੈ। ਉਨ੍ਹਾਂ ਨੇ ਪਾਣੀ ਸਟੋਰ ਕਰਨ ਲਈ ਹਿਮਾਚਲ ਪ੍ਰਦੇਸ਼ ਵਿਚ ਜਲ ਭੰਡਾਰ ਡੈਮ ਬਣਾਉਣ ਲਈ ਦਿਤੇ ਅਪਣੇ ਸੁਝਾਅ ਵੱਲ ਧਿਆਨ ਦਿਵਾ ਕੇ ਕਿਹਾ ਕਿ ਅਜਿਹੇ ਡੈਮ ਬਣਨੇ ਚਾਹੀਦੇ ਹਨ,ਜਿਸ ਨਾਲ ਪਾਕਿਸਤਾਨ ਵਿਚ ਪਾਣੀ ਦਾਵਹਿਣ ਰੋਕਿਆ ਜਾ ਸਕੇ।

ਸਮੁੱਚੇ ਮਾਮਲੇ ਵਿੱਚ ਕੇਂਦਰੀ ਮੰਤਰੀ ਦਾ ਵਿਚਾਰ ਸੀ ਕਿ ਐੱਸ ਵਾਈ ਐੱਲ ਨੂੰ ਮੁਕੰਮਲ ਕਰ ਕੇ ਸਿੰਜਾਈ ਲਈ ਤਿਆਰ ਰਖਿਆ ਜਾ ਸਕਦਾ ਹੈ ਅਤੇ ਪਾਣੀ ਦੀ ਵੰਡ ਉੱਤੇ ਵਿਚਾਰ ਵਟਾਂਦਰੇ ਜਾਰੀ ਰਹਿਣਗੇ ਅਤੇ ਅੰਤਿਮ ਫਾਰਮੂਲੇ ਦਾ ਫ਼ੈਸਲਾ ਬਾਅਦ ਵਿਚ ਵੀ ਕਰ ਲਿਆ ਜਾ ਸਕਦਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca


## ਅੱਜ ਨਾਮਾ

ਇੱਕੋ ਹੋਵੇ ਅਦਾਲਤ ਜਦ ਕੇਸ ਸੁਣਦੀ,
ਫਿਰ ਤਾਂ ਹੋਵੇ ਨਿਆਂ ਲਈ ਆਸ ਬੇਲੀ।
ਤਿੰਨੀਂ ਥਾਂਈਂ ਜਾਂ ਲੱਗ ਜਾਏ ਕੇਸ ਕੋਈ,
ਆਉਂਦਾ ਕਦੀ ਨਾ ਫੇਰ ਧਰਵਾਸ ਬੇਲੀ।
ਹੇਠਲੀ ਹੋਰ ਤੇ ਉੱਪਰਲੀ ਹੋਰ ਕਹਿੰਦੀ,
ਹੁਕਮ ਹੁੰਦਾ ਕਈ ਤਰ੍ਹਾਂ ਦਾ ਪਾਸ ਬੇਲੀ।
ਸਭਨੀਂ ਥਾਂਈਂ ਵਕੀਲਾਂ ਦੇ ਸੈੱਟ ਭਿੜਦੇ,
ਹਰ ਕੋਈ ਹੁੰਦਾ ਵਕੀਲ ਆ ਖਾਸ ਬੇਲੀ।
ਏਨੇ ਥਾਂਈਂ ਜਦ ਕੇਸ ਕੋਈ ਉਲਝ ਜਾਵੇ,
ਪੇਸ਼ੀਆਂ ਹੁੰਦੀਆਂ, ਲਮਕਵੀਂ ਜੰਗ ਬੇਲੀ।
ਛੱਲੀ-ਪੂਣੀ ਸਭ ਕੇਸ'ਤੇ ਖਰਚ ਕਰ ਕੇ,
ਸਾਰੀਆਂ ਧਿਰਾਂ ਹਨ ਹੁੰਦੀਆਂ ਨੰਗ ਬੇਲੀ।

**ਤੀਸ ਮਾਰ ਖਾਂ**

# ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਸਿਹਤ ਵਿਗੜੀ,ਹਸਪਤਾਲ ਦਾਖਲ

ਨਵੀਂ ਦਿੱਲੀ, 18 ਅਗਸਤ, (ਪੋਸਟ ਬਿਊਰੋ)-ਸਿਰਫ ਚਾਰ ਦਿਨ ਪਹਿਲਾਂ ਕੋਰੋਨਾ ਵਾਇਰਸ ਦੇ ਸੰਕਟ ਵਿੱਚੋਂ ਨਿਕਲਣ ਵਾਲੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅੱਜ ਫਿਰ ਦਿੱਲੀ ਵਿੱਚ ਆਲ ਇੰਡੀਆ ਮੈਡੀਕਲ ਸਾਇੰਸਜ਼ ਇੰਸਟੀਚਿਊਟ(ਏਮਜ਼) ਵਿੱਚ ਦਾਖਲ ਕਰਾਉਣਾ ਪਿਆ ਹੈ। ਏਮਜ਼ ਦੇ ਡਾਇਰੈਕਟਰ ਡਾਕਟਰ ਰਣਦੀਪ ਗੁਲੇਰੀਆ ਦੀ ਅਗਵਾਈ ਵਿੱਚ ਮਾਹਰ ਡਾਕਟਰਾਂ ਦੀ ਇਕ ਟੀਮ ਉਨ੍ਹਾਂ ਦੀ ਸਿਹਤ ਦਾ ਧਿਆਨ ਰੱਖ ਰਹੀ ਹੈ।



ਪਤਾ ਲੱਗਾ ਹੈ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸੋਮਵਾਰ ਅਤੇ ਮੰਗਲਵਾਰ ਦੀ ਵਿਚਲੀ ਰਾਤ ਨੂੰ ਤੜਕੇ 2 ਵਜੇ ਏਮਜ਼ ਵਿੱਚ ਭਰਤੀ ਕਰਵਾਇਆ ਗਿਆ ਤੇ ਪੁਰਾਣੇ ਪ੍ਰਾਈਵੇਟ ਵਾਰਡ ਵਿੱਚ ਰੱਖਿਆ ਗਿਆ ਹੈ। ਏਮਜ਼ ਨੇ ਇਸ ਮਾਮਲੇ ਵਿੱਚ ਹਾਲੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ, ਪਰ ਹਸਪਤਾਲ ਵਿੱਚ ਭਰਤੀ ਹੋਣ ਦੀ ਪੁਸ਼ਟੀ ਹੋਈ ਹੈ। ਗ੍ਰਹਿ ਮੰਤਰੀ ਨੂੰ ਸਾਹ ਦੀ ਪਰੇਸ਼ਾਨੀ ਦੱਸੀ ਗਈ ਹੈ, ਜਿਸ ਬਾਰੇ ਡਾਇਰੈਕਟਰ ਡਾ. ਰਣਦੀਪ ਗੁਲੇਰੀਆ ਦੀ ਅਗਵਾਈ ਵਿੱਚ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਇੱਕ ਖਬਰ ਅਨੁਸਾਰ ਕੋਰੋਨਾ ਵਾਇਰਸ ਤੋਂ ਠੀਕ ਹੋਣ ਦੇ ਬਾਅਦ ਅਮਿਤ ਸ਼ਾਹ ਉਥੇ ਦਾਖਲ ਹੋਏ ਹਨ ਅਤੇ ਇਸ ਦੌਰਾਨ ਹਸਪਤਾਲ ਤੋਂ ਹੀ ਮੰਤਰਾਲੇ ਦਾ ਸਾਰਾ ਕੰਮ ਚਲਾ ਰਹੇ ਹਨ।

ਵਰਣਨ ਯੋਗ ਹੈ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਕੋਰੋਨਾ ਵਾਇਰਸ ਦੀ ਲਪੇਟ ਵਿੱਚ ਆਉਣ ਕਾਰਨ ਗੁਰੂਗ੍ਰਾਮ ਦੇ ਮੇਦਾਂਤਾ ਹਸਪਤਾਲ ਵਿੱਚ ਭਰਤੀ ਹੋਏ ਤੇ ਪਿਛਲੀ 14 ਅਗਸਤ ਨੂੰ ਇਸਤੋਂ ਮੁਕਤ ਹੋਏ ਸਨ। ਉਨ੍ਹਾਂ ਨੇ ਖੁਦ ਟਵੀਟ ਕਰਕੇ ਇਸ ਦੀ ਜਾਣਕਾਰੀ ਦਿੱਤੀ ਸੀ ਕਿ ਉਨ੍ਹਾਂ ਦੀ ਰਿਪੋਰਟ ਨੈਗੇਟਿਵ ਆਈ ਹੈ। ਇਸ ਤੋਂ ਪਹਿਲਾਂ ਅਮਿਤ ਸ਼ਾਹ ਜਦੋਂ ਰੋਗ ਤੋਂ ਪਾਜ਼ੇਟਿਵ ਪਤਾ ਲੱਗੇ ਤਾਂ ਉਨ੍ਹਾਂ ਨੂੰ 2 ਅਗਸਤ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ।

# ਕਰ ਲਓ ਚੀਨ ਦਾ ਬਾਈਕਾਟ: ਨਾਅਰੇ ਲੱਗਦਿਆਂ ਦੌਰਾਨ ਚੀਨ ਦੇ ਸਰਕਾਰੀ ਬੈਂਕ ਨੇ ਭਾਰਤੀ ਬੈਂਕ ਦੀ ਹਿੱਸੇਦਾਰੀ ਖਰੀਦ ਲਈ

## * ਆਈ ਸੀ ਆਈ ਸੀ ਆਈ ਬੈਂਕ ਦਾ ਭਾਈਵਾਲ ਬਣਿਆ ਚੀਨ

ਨਵੀਂ ਦਿੱਲੀ, 18 ਅਗਸਤ, (ਪੋਸਟ ਬਿਊਰੋ)- ਭਾਰਤ-ਚੀਨ ਦੇ ਫੌਜੀਆਂ ਵਿਚਾਲੇ ਅਸਲ ਕੰਟਰੋਲ ਰੇਖਾ ਉੱਤੇ ਹੋਈ ਝੜਪ ਤੋਂ ਭਾਰਤ ਵਿੱਚ ਚੀਨੀ ਸਮਾਨ ਦੇ ਬਾਈਕਾਟ ਦੇ ਨਾਅਰਿਆਂ ਹੇਠ ਚੀਨ ਦੇ ਪੀਪਲਜ਼ ਬੈਂਕ ਆਫ ਚਾਈਨਾ ਨੇ ਆਈ ਸੀ ਆਈ ਸੀ ਆਈ ਬੈਂਕ ਦੀ ਹਿੱਸੇਦਾਰੀ ਖਰੀਦ ਲਈ ਹੈ। ਇਸ ਦੇ ਬਾਅਦ ਜਾਣਕਾਰ ਕਹਿੰਦੇ ਹਨ ਕਿ ਇਸ ਤਰ੍ਹਾਂ ਕਿਸੇ ਬੈਂਕ ਦੇ ਸ਼ੇਅਰ ਖਰੀਦਣ ਨਾਲ ਦੇਸ਼ ਦੇ ਹਿੱਤਾਂ ਲਈ ਕਿਸੇ ਤਰ੍ਹਾਂ ਦਾ ਖਤਰਾ ਨਹੀਂ ਹੈ।




ਪਤਾ ਲੱਗਾ ਹੈ ਕਿ ਪਿਛਲੇ ਸਾਲ ਮਾਰਚ ਵਿੱਚ ਚੀਨ ਦੇਂ ਕੇਂਦਰੀ ਬੈਂਕ ਨੇ ਐੱਚ ਡੀ ਐੱਫ ਸੀ ਵਿੱਚ ਆਪਣਾ ਨਿਵੇਸ਼ ਵਧਾ ਕੇ 1 ਫੀਸਦੀ ਤੋਂਵੱਧ ਹਿੱਸੇ ਖਰੀਦ ਲਏ ਸਨ। ਓਦੋਂ ਇਸਬਾਰੇ ਕਾਫੀ ਹੰਗਾਮਾ ਹੋਇਆ ਸੀ। ਪੀਪਲਜ਼ ਬੈਂਕ ਆਫ ਚਾਈਨਾ ਅਸਲ ਵਿੱਚ ਚੀਨ ਦਾ ਸਰਕਾਰੀ ਬੈਂਕ ਹੈ ਅਤੇ ਇਹ ਬੈਂਕ ਮਿਊਚਲ ਫੰਡਾਂ, ਬੀਮਾ ਕੰਪਨੀਆਂ ਸਮੇਤ ਉਨ੍ਹਾਂ 357 ਸੰਸਥਾਈਕਾਰੋਬਾਰੀਆਂ ਵਿੱਚ ਸ਼ਾਮਲ ਹੈ, ਜਿਨ੍ਹਾਂ ਨੇ ਪਿਛਲੇ ਦਿਨੀਂਆਈ ਸੀ ਆਈ ਸੀ ਆਈ ਬੈਂਕ ਦੇ ਕਵਾਲੀਫਾਈਡ ਇੰਸਟੀਚਿਊਟਸ਼ਨਲ ਪਲੇਸਮੈਂਟ ਆਫਰ ਵਿੱਚ 15,000 ਕਰੋੜ ਰੁਪਏ ਲਾਏ ਹਨ। ਆਈ ਸੀ ਆਈ ਸੀ ਆਈ ਬੈਂਕ ਨੇ ਪੂੰਜੀ ਜੋੜਨ ਲਈ ਸੰਸਥਾਈ ਕਾਰੋਬਾਰੀਆਂ ਤੋਂਪੈਸੇ ਖਿੱਚਣ ਦੀ ਕੋਸ਼ਿਸ਼ ਕੀਤੀ ਸੀ ਅਤੇ ਉਸ ਦਾ ਟਾਰਗੇਟ ਪਿਛਲੇ ਹਫਤੇ ਪੂਰਾ ਹੋਇਆ ਹੈ।ਚੀਨ ਦੇ ਕੇਂਦਰੀ ਬੈਂਕ ਨੇ ਆਈ ਸੀ ਆਈ ਸੀ ਆਈ ਵਿੱਚ 15 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ਕੀਤਾ ਦੱਸਿਆ ਜਾਂਦਾ ਹੈ ਅਤੇ ਇਹ ਪੂੰਜੀ ਕਵਾਲੀਫਾਈਡ ਇੰਸਟੀਚਿਊਟਸ਼ਨਲ ਪਲੇਸਮੈਂਟ ਨਾਲ ਲੱਗੀ ਹੈ। ਹੋਰ ਵਿਦੇਸ਼ੀ ਪੂੰਜੀ ਲਾਉਣ ਵਾਲਿਆਂ ਵਿੱਚ ਸਿੰਗਾਪੁਰ ਦੀ ਸਰਕਾਰ, ਮਾਰਗਨ ਇਨਵੈਸਟਮੈਂਟ, ਸੋਸਾਇਟੇ ਜਨਰਾਲੇ ਆਦਿ ਸ਼ਾਮਲ ਹਨ। ਮਾਹਰਾਂ ਦੀ ਰਾਏ ਹੈ ਕਿ ਬੈਂਕਿੰਗ ਭਾਰਤ ਵਿੱਚ ਕਾਫੀ ਰੈਗੂਲੇਟਿਡ ਤੇ ਭਾਰਤੀ ਰਿਜ਼ਰਵ ਬੈਂਕ ਦੀ ਸਖਤ ਨਿਗਰਾਨੀ ਵਿੱਚਚੱਲਦਾ ਕਾਰੋਬਾਰ ਹੈ, ਇਸ ਲਈ ਇਸ ਨਾਲ ਦੇਸ਼ ਦੇ ਹਿੱਤਾਂ ਨੂੰ ਕੋਈ ਖਤਰਾ ਨਹੀਂ ਹੋਵੇਗਾ। ਇਸ ਤੋਂ ਪਹਿਲਾਂ ਚੀਨ ਦੇ ਇਸੇ ਕੇਂਦਰੀ ਬੈਂਕ ਨੇ ਹਾਊਸਿੰਗ ਲੋਨ ਕੰਪਨੀ ਐੱਚ ਡੀ ਐੱਫ ਸੀ ਲਿਮਟਿਡ ਵਿੱਚ ਜਦੋਂ ਪੂੰਜੀ ਨਿਵੇਸ਼ਕੀਤਾ ਤਾਂ ਉਸ ਵੇਲੇ ਪਿਛਲੇ ਸਾਲ ਕਾਫੀ ਹੰਗਾਮਾ ਹੋਇਆ ਸੀ। ਉਂਜ ਚੀਨ ਦਾ ਕੇਂਦਰੀ ਬੈਂਕ ਅਮਰੀਕਾ ਦੀ ਥਾ ਭਾਰਤ ਵਰਗੇ ਦੇਸ਼ਾਂ ਵਿੱਚਕਾਰੋਬਾਰ ਲਗਾਤਾਰ ਵਧ ਰਿਹਾ ਹੈ। ਪਿਛਲੇ ਸਾਲ ਮਾਰਚ ਵਿੱਚ ਚੀਨ ਦੇ ਇਸ ਬੈਂਕ ਨੇ ਐੱਚ ਡੀ ਐੱਫ ਸੀ ਵਿੱਚ ਆਪਣਾ ਪੈਸਾ ਵਧਾ ਕੇ 1 ਫੀਸਦੀ ਤੋਂਵੱਧ ਕੀਤਾ ਤਾਂ ਕਾਫੀ ਹੰਗਾਮਾ ਹੋਇਆ ਸੀ। ਇਸਤੋਂ ਬਾਅਦ ਭਾਰਤ ਸਰਕਾਰ ਨੇ ਵਿਦੇਸ਼ੀ ਪੋਰਟਫੋਲੀਓ ਕਾਰੋਬਾਰ ਦੇ ਨਿਯਮ ਵਿੱਚ ਹੋਰ ਸਖਤੀ ਕਰ ਦਿੱਤੀ ਸੀ ਅਤੇ ਖਾਸ ਕਰਕੇ ਚੀਨ ਜਾਂ ਹੋਰ ਗੁਆਂਢੀ ਦੇਸ਼ਾਂ ਤੋਂ ਆਉਣ ਵਾਲੇ ਪੈਸੇ ਲਈ ਸਖਤ ਨਿਯਮ ਬਣਾ ਦਿੱਤੇ ਗਏ।

# ਪੰਜਾਬ ਅਸੈਂਬਲੀ ਦਾ ਸਿਰਫ ਇੱਕ ਦਿਨਾ ਸੈਸ਼ਨ ਸੱਦਣ ਦੀ ਕਈ ਪਾਸਿਓਂ ਨੁਕਤਾਚੀਨੀ

ਚੰਡੀਗੜ੍ਹ, 18 ਅਗਸਤ, (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਦਾ ਸੈਸ਼ਨ ਅਗਲੀ 28 ਅਗਸਤ ਵਾਲੇ ਦਿਨ ਸੱਦਣ, ਪਰ ਇੱਕੋ ਦਿਨ ਤੱਕ ਸੀਮਤ ਰੱਖਣ ਦੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੇ ਸਖਤ ਨੁਕਤਾਚੀਨੀ ਕੀਤੀ ਅਤੇ ਇਸ ਨੂੰ ਸਰਕਾਰ ਵੱਲੋਂ ਲੋਕਾਂ ਦੇ ਮਸਲਿਆਂ ਤੋਂ ਕੰਨੀਂ ਕਤਰਾਉਣਾ ਕਿਹਾ ਹੈ।

ਅਕਾਲੀ ਦਲ ਦੇ ਪ੍ਰਧਾਨ ਤੇ ਪੰਜਾਬ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵਿਧਾਨ ਸਭਾ ਦਾ ਸੈਸ਼ਨ ਸਿਰਫ ਇਕ ਦਿਨਦਾ ਰੱਖਣ ਬਾਰੇ ਕਿਹਾ ਹੈ ਕਿ ਪੰਜਾਬ ਸਰਕਾਰ ਨੇ ਕਬੂਲ ਕਰ ਲਿਆ ਹੈ ਕਿ ਉਸਨੇ ਸਰਕਾਰ ਚਲਾਉਣ ਲਈ ਮਿਲਿਆ ਫਤਵਾ ਗੁਆ ਲਿਆ ਤੇ ਲੋਕਾਂ ਦੇ ਪ੍ਰਤੀਨਿਧਾਂ ਨੂੰ ਮੂੰਹ ਦਿਖਾਉਣਾ ਔਖਾ ਲੱਗਦਾ ਹੈ। ਅੱਜ ਜਾਰੀ ਕੀਤੇ ਬਿਆਨ ਵਿਚ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੈਸ਼ਨ ਸਿਰਫ ਇਕ ਦਿਨ ਦਾ ਰੱਖਣਾ ਅਕਾਲੀ ਦਲ ਵੱਲੋਂ ਲੋਕਾਂ ਦੇ ਮੁੱਦਿਆਂ ਉੱਤੇ ਬਣਾਏ ਲੋਕਤੰਤਰੀ ਦਬਾਅ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਲੋਕ ਵਿਰੋਧੀ ਨੀਤੀਆਂ ਤੇ ਫੈਸਲੇ ਲੈਣਕਾਰਨ ਅਸੀਂ ਸਰਕਾਰ ਨੂੰ ਕੰਧ ਵੱਲ ਧੱਕ ਦਿੱਤਾ ਹੈ।

ਦੂਸਰੇ ਪਾਸੇ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਪੰਜਾਬ ਵਿਧਾਨ ਸਭਾ ਦੇ 28 ਅਗਸਤ ਨੂੰ ਸੱਦੇ ਕੁਝ ਘੰਟਿਆਂ ਦੇ ਸੈਸ਼ਨ ਬਾਰੇ ਮੁੱਖ ਮੰਤਰੀ ਅਮਰਿੰਦਰ ਸਿੰਘ ਸਰਕਾਰ ਅਤੇ ਕਾਂਗਰਸ ਨੂੰ ਨਿੰਦਦੇ ਹੋਏ ਕਿਹਾ ਕਿ 'ਫਾਰਮ ਹਾਊਸ' ਤੱਕ ਸਿਮਟੀ ਸ਼ਾਹੀ ਸਰਕਾਰ ਸਦਨ ਵਿੱਚ ਵੀ ਲੋਕਾਂ ਦੇ ਮੁੱਦੇ ਸੁਣਨ ਦੀ ਹਿੰਮਤ ਨਹੀਂ ਕਰ ਰਹੀ। ਸੋਸ਼ਲ ਮੀਡੀਆ ਰਾਹੀਂ ਭਗਵੰਤ ਮਾਨ ਨੇ ਕਿਹਾ ਕਿ ਮਾਨਸੂਨ ਸੈਸ਼ਨ ਸਹੀ ਅਰਥਾਂ ਵਿੱਚ ਇੱਕ ਦਿਨ ਦਾ ਨਹੀਂ, ਸਗੋਂ ਪੰਜ ਘੰਟਿਆਂ ਦਾ ਹੋਣਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਂਗਰਸੀਆਂ ਅਤੇ ਅਕਾਲੀਆਂ ਨੂੰ ਲੋਕਾਂ ਤੇ ਲੋਕਤੰਤਰ ਦੇ ਹਿੱਤ ਉਦੋਂ ਕਿਉਂਯਾਦ ਆਉਂਦੇ ਹਨ, ਜਦੋਂ ਸੱਤਾ ਤੋਂ ਬਾਹਰ ਹੁੰਦੇ ਹਨ? ਉਨ੍ਹਾਂ ਯਾਦ ਕਰਾਇਆ ਕਿ 13 ਸਤੰਬਰ 2016 ਨੂੰ ਬਾਦਲਾਂ ਦੀ ਸਰਕਾਰ ਵੇਲੇ ਵਿਰੋਧੀ ਧਿਰ ਕਾਂਗਰਸ ਦੇ ਵਿਧਾਇਕਾਂ ਨੇ ਵਿਧਾਨ ਸਭਾ ਦਾ ਸੈਸ਼ਨ ਛੋਟਾ ਰੱਖਣ ਦੇ ਵਿਰੋਧ ਵਿੱਚ ਸਦਨ ਦੇ ਅੰਦਰ ਧਰਨਾ ਦਿੱਤਾ ਤੇ ਓਥੇ ਸਾਰੀ ਰਾਤ ਗੁਜ਼ਾਰੀ ਸੀ। ਸੁਨੀਲ ਜਾਖੜ ਤੇ ਚਰਨਜੀਤ ਸਿੰਘ ਚੰਨੀ ਵਰਗੇ ਵੱਡੇ ਕਾਂਗਰਸੀ ਆਗੂ ਇਸ ਵਿੱਚ ਸ਼ਾਮਲ ਸਨ। ਕੀ ਅੱਜ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਆਪਣੀ ਸਰਕਾਰ ਵੱਲੋਂ 5 ਘੰਟਿਆਂ ਦਾ ਮਾਨਸੂਨ ਸੈਸ਼ਨ ਸੱਦਣ ਬਾਰੇ ਮੁੱਖ ਮੰਤਰੀ ਅਮਰਿੰਦਰ ਸਿੰਘ ਅਤੇ ਸਪੀਕਰ ਰਾਣਾ ਕੇ ਪੀ ਸਿੰਘ ਕੋਲੋਂ ਜਵਾਬ ਮੰਗਣਗੇ ਜਾਂ ਫਿਰ ਕਾਂਗਰਸੀ ਵਿਧਾਇਕਾਂ ਨੂੰ ਧਰਨਾ ਲਾਉਣ ਲਈ ਕਹਿਣਗੇ?

# ਐੱਫ ਬੀ ਆਈ ਨਾਲ ਸੰਬੰਧਤ ਵਿਗਿਆਨੀ ਚੀਨ ਲਈ ਅਮਰੀਕਾ ਦੀ ਜਾਸੂਸੀ ਕਰਦਾ ਰਿਹਾ

ਵਾਸ਼ਿੰਗਟਨ, 18 ਅਗਸਤ, (ਪੋਸਟ ਬਿਊਰੋ)- ਅਮਰੀਕੀ ਖੁਫੀਆ ਏਜੰਸੀ ਸੀਆਈਏ ਦੇ ਸਾਬਕਾ ਅਧਿਕਾਰੀ ਤੇ ਇਸ ਦੇਸ਼ ਦੀ ਪ੍ਰਮੁੱਖ ਜਾਂਚ ਏਜੰਸੀ ਐੱਫ ਬੀ ਆਈ ਨਾਲ ਜੁੜੇ ਭਾਸ਼ਾ-ਵਿਗਿਆਨੀ ਦੇ ਖ਼ਿਲਾਫ਼ ਚੀਨ ਲਈ ਜਾਸੂਸੀ ਕਰਨ ਦਾ ਕੇਸ ਦਰਜ ਕੀਤਾ ਗਿਆ ਹੈ। ਉਹ ਇਕ ਰਿਸ਼ਤੇਦਾਰ ਨਾਲ ਮਿਲ ਕੇ ਖ਼ੁਫ਼ੀਆ ਅਫਸਰਾਂ ਦੇ ਸੂਤਰਾਂ ਤੇ ਫੌਜੀ ਤਕਨੀਕਾਂ ਦੀ ਜਾਣਕਾਰੀ ਚੀਨ ਤਕ ਪੁਚਾ ਰਿਹਾ ਸੀ। ਦੋਸ਼ ਸਾਬਤ ਹੋਏ ਤਾਂ ਉਸ ਨੂੰ ਉਮਰ ਕੈਦ ਹੋ ਸਕਦੀ ਹੈ। ਮਿਲੀ ਜਾਣਕਾਰੀ ਅਨੁਸਾਰ 67 ਸਾਲ ਦੇ ਅਲੈਗਜ਼ੈਂਡਰ ਯੁਕ ਚਿੰਗ ਮਾ ਨੂੰ ਪਿਛਲੇ ਹਫ਼ਤੇ ਇਕ ਗੁਪਤ ਆਪ੍ਰੇਸ਼ਨ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ। ਸਰਕਾਰੀ ਕੇਸ ਮੁਤਾਬਕ ਉਸ ਨੇ ਇਕ ਅੰਡਰਕਵਰ ਅਧਿਕਾਰੀ ਤੋਂ ਪੈਸੇ ਲਏ ਤੇ ਕਿਹਾ ਸੀ ਕਿ ਉਹ ਚਾਹੁੰਦਾ ਹੈ ਕਿ ਉਸ ਦੀ ਮਾਤ-ਭੂਮੀ (ਚੀਨ) ਤਰੱਕੀ ਕਰੇ। ਉਹ ਕੋਰੋਨਾ ਮਹਾਮਾਰੀ ਦੌਰਾਨ ਚੀਨ ਦਾ ਮਦਦਗਾਰ ਬਣਨਾ ਚਾਹੁੰਦਾ ਸੀ। ਹੋਨੋਲੂਲੂ ਦੀ ਫੈਡਰਲ ਅਦਾਲਤ ਵਿਚ ਚਿੰਗ ਮਾ ਉੱਤੇ ਕਿਸੇ ਦੂਜੇ ਦੇਸ਼ ਦੇ ਲਈ ਗੁਪਤ ਫੌਜੀ ਜਾਣਕਾਰੀ ਇਕੱਠੀ ਕਰਨ ਤੇ ਉਸ ਤਕ ਪੁਚਾਉਣ ਦਾ ਦੋਸ਼ ਤੈਅ ਕੀਤਾ ਗਿਆ ਹੈ। ਐੱਫ ਬੀ ਆਈ ਦੇ ਐਫੀਡੇਵਿਟ ਮੁਤਾਬਕ ਚਿੰਗ ਮਾ ਨੇ ਖੁਫੀਆ ਏਜੰਸੀ ਸੀਆਈਏ ਵਿਚ 1982 ਤੋਂ 1989 ਤਕ ਕੰਮ ਕੀਤਾ ਅਤੇ ਮਾਰਚ 2001 ਵਿਚ ਹਾਂਗਕਾਂਗ ਦੇ ਇਕ ਹੋਟਲ ਦੇ ਕਮਰੇ ਵਿਚ ਚੀਨ ਦੇ ਖ਼ੁਫ਼ੀਆ ਅਧਿਕਾਰੀਆਂ ਨਾਲ ਗੁਪਤ ਸੂਚਨਾਵਾਂ ਸ਼ੇਅਰ ਕੀਤੀਆਂ ਸਨ।

# ਹਰਿਆਣਾ ਦੀ ਵਿਨੇਸ਼ ਫੋਗਾਟ ਨੂੰ ਇਸ ਸਾਲ 'ਰਾਜੀਵ ਗਾਂਧੀ ਖੇਲ ਰਤਨ ਐਵਾਰਡ' ਮਿਲੇਗਾ

ਨਵੀਂ ਦਿੱਲੀ, 18 ਅਗਸਤ, (ਪੋਸਟ ਬਿਊਰੋ)- ਹਰਿਆਣਾ ਵਿਚ ਜਨਮੀ ਅਤੇ ਭਾਰਤ ਦਾ ਨਾਂ ਚਮਕਾ ਚੁੱਕੀ ਪਹਿਲਵਾਨ ਵਿਨੇਸ਼ ਫੋਗਾਟ ਨੂੰ ਇਸ ਵਾਰ 'ਰਾਜੀਵ ਗਾਂਧੀ ਖੇਲ ਰਤਨ ਐਵਾਰਡ' ਨਾਲ ਸਨਮਾਨਤ ਕੀਤਾ ਜਾਵੇਗਾ। ਦਿੱਲੀ ਵਿਚ ਹੋਈ ਚੋਣ ਕਮੇਟੀ ਦੀ ਬੈਠਕ ਵਿਚ ਵਿਨੇਸ਼ ਫੋਗਾਟ ਸਮੇਤ 4 ਖਿਡਾਰੀਆਂ ਦੇ ਨਾਂ ਇਸ ਐਵਾਰਡ ਲਈ ਤੈਅ ਕੀਤੇ ਗਏ। ਕਮੇਟੀ ਨੇ ਵਿਨੇਸ਼ ਫੋਗਾਟ, ਕ੍ਰਿਕਟਰ ਰੋਹਿਤ ਸ਼ਰਮਾ, ਟੇਬਲ ਟੈਨਿਸ ਖਿਡਾਰਨ ਮਨਿਕਾ ਬੱਤਰਾ ਤੇ ਪੈਰਾ ਓਲੰਪਿਕ ਦੇ ਸੋਨ ਤਮਗਾ ਜੇਤੂ ਮਰੀਆਪਨ ਥਾਂਗਾਵੇਲੂ ਦੇ ਨਾਮ ਦੀ ਸਿਫਾਰਸ਼ ਖੇਡ ਰਤਨ ਲਈ ਕੀਤੀ ਹੈ।

ਵਿਨੇਸ਼ ਫੋਗਾਟ ਹਰਿਆਣਾ ਤੋਂ ਰਾਜੀਵ ਗਾਂਧੀ ਖੇਡ ਰਤਨ ਲੈਣ ਵਾਲੀ 7ਵੀਂ ਖਿਡਾਰਨ ਹੋਵੇਗੀ। ਇਸ ਤੋਂ ਪਹਿਲਾਂ ਹਰਿਆਣਾ ਦੇ 6 ਹੋਰਨਾਂ ਖਿਡਾਰੀਆਂ ਨੂੰ ਖੇਡ ਰਤਨ ਮਿਲਿਆ ਹੈ। ਪਹਿਲਾਂ ਬਜਰੰਗ ਪੂਨੀਆ, ਦੀਪਾ ਮਲਿਕ, ਵਜਿੰਦਰ ਸਿੰਘ, ਯੋਗੇਸ਼ਵਰ ਦੱਤ, ਸਾਕਸ਼ੀ ਮਲਿਕ, ਸਰਦਾਰ ਸਿੰਘ ਨੂੰ ਖੇਡ ਰਤਨ ਮਿ-ਲਆ ਸੀ।ਹਰਿਆਣਾ ਦੇ ਚਰਖੀ ਦਾਦਰੀ ਜ਼ਿਲ੍ਹੇ ਦੇ ਬਲਾਲੀ ਪਿੰਡ ਵਿੱਚ ਜਨਮੀ ਵਿਨੇਸ਼ ਫੋਗਾਟ ਪਹਿਲਵਾਨਾਂ ਦੇ ਖਾਨਦਾਨ ਵਿੱਚੋਂ ਹੈ। ਕੌਮਾਂਤਰੀ ਪੱਧਰ ਉੱਤੇ ਕਈ ਤਮਗੇ ਹਾਸਲ ਕਰ ਚੁੱਕੀਆਂ ਗੀਤਾ ਤੇ ਬਬੀਤਾ ਵੀ ਉਸ ਦੀਆਂ ਭੈਣਾਂ ਹਨ। ਵਿਨੇਸ਼ ਫੋਗਾਟ ਨੇ ਆਪਣਾ ਕਰੀਅਰ 2013 ਤੋਂ ਸ਼ੁਰੂ ਕੀਤਾ ਅਤੇ ਫਿਰ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ।

ਭਾਰਤ ਸਰਕਾਰ ਦੇ ਯੂਥ ਅਫੇਅਰ ਅਤੇ ਸਪੋਰਟਸ ਮੰਤਰਾਲੇ ਨੇ ਕੌਮਾਂਤਰੀ ਪੱਧਰ ਉੱਤੇ ਦੇਸ਼ ਦਾ ਨਾਂ ਰੌਸ਼ਨ ਕਰਨ ਵਾਲੇ ਮੌਜੂਦਾ ਅਤੇ ਸਾਬਕਾ ਖਿਡਾਰੀਆਂ ਲਈ ਅੱਜ ਐਵਾਰਡਾਂ ਦਾ ਐਲਾਨ ਕਰ ਦਿੱਤਾ ਹੈ, ਜਿਸ ਵਿਚ ਓਲੰਪੀਅਨ ਅਜੀਤ ਸਿੰਘ ਨੂੰ ਓਲੰਪਿਕ, ਏਸ਼ੀਅਨ ਖੇਡਾਂ ਤੇ ਵਿਸ਼ਵ ਹਾਕੀ ਵਿਚ ਤਮਗੇ ਜਿੱਤਣ ਸਦਕਾ 'ਮੇਜਰ ਧਿਆਨ ਚੰਦ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਹੈ। ਅਜੀਤ ਸਿੰਘ ਇਸ ਪਰਿਵਾਰ ਦਾ ਤੀਜਾ ਓਲੰਪੀਅਨ ਹੈ ਜਿਸ ਨੂੰ ਭਾਰਤ ਸਰਕਾਰ ਨੇ ਖੇਡ ਐਵਾਰਡ ਨਾਲ ਨਿਵਾਜਿਆ ਹੈ। ਭਾਰਤ ਸਰਕਾਰ ਵੱਲੋਂ ਪਰਿਵਾਰਦਾ ਪਹਿਲਾ 'ਅਰਜੁਨ ਐਵਾਰਡ' ਅਜੀਤ ਸਿੰਘ ਦੇ ਵੱਡੇ ਭਰਾ ਓਲੰਪੀਅਨ ਹਰਮੀਕ ਸਿੰਘ ਨੂੰ ਸਾਲ 1997 ਵਿਚਮਿਲਿਆ ਸੀ। ਕੌਮੀ ਟੀਮ ਦੇ ਸਾਬਕਾ ਕਪਤਾਨ ਹਰਮੀਕ ਸਿੰਘ ਨੂੰ ਮਿਊਨਿਖ-1972 ਵਿਚ ਓਲੰਪਿਕ ਹਾਕੀ ਟੀਮ ਦੀ ਕਪਤਾਨੀ ਦੇ ਇਲਾਵਾ ਦੋ ਵਰਲਡ ਹਾਕੀ ਕੱਪ, ਦੋ ਵਾਰ ਓਲੰਪਿਕ ਹਾਕੀ ਤੇ ਤਿੰਨ ਵਾਰ ਏਸ਼ੀਆਈ ਹਾਕੀ ਖੇਡਣ ਦਾ ਮਾਣ ਹਾਸਲ ਹੈ। ਪਰਿਵਾਰਨੂੰ ਦੂਜਾ 'ਅਰਜੁਨ ਐਵਾਰਡ' ਓਲੰਪੀਅਨ ਅਜੀਤ ਸਿੰਘ ਦੇ ਸਪੁੱਤਰ ਅਤੇ ਕੌਮੀ ਟੀਮ ਦੇ ਸਾਬਕਾ ਕਪਤਾਨ ਗਗਨਅਜੀਤ ਸਿੰਘ ਨੂੰ ਸਾਲ-2003 ਵਿ-ਚਮਿਲਿਆ ਸੀ। ਆਪਣੀ ਕਪਤਾਨੀ ਵਿਚ ਜੂਨੀਅਰ ਕੌਮੀ ਹਾਕੀ ਟੀਮ ਨੂੰ ਵਿਸ਼ਵ ਹਾਕੀ ਕੱਪ ਜਿਤਾਉਣ ਵਾਲੇ ਗਗਨਅਜੀਤ ਸਿੰਘ ਨੂੰ ਸੀਨੀਅਰ ਹਾਕੀ ਟੀਮ ਦੀ ਕਪਤਾਨੀ ਤੋਂ ਇਲਾਵਾ ਦੋ ਵਾਰ ਓਲੰਪਿਕ ਹਾਕੀ, ਏਸ਼ੀਆਈ ਹਾਕੀ ਤੇ ਵਿਸ਼ਵ ਹਾਕੀ ਕੱਪ ਖੇਡਣ ਦਾ ਮਾਣ-ਮਿਲਿਆ ਸੀ।ਪੰਜਾਬ ਦੇ ਫਿਰੋਜ਼ਪੁਰ ਜ਼ਿਲ੍ਹੇ ਦੇ ਇਸ ਪਰਿਵਾਰ ਨੂੰ ਤਿੰਨ ਓਲੰਪੀਅਨ ਤੇ ਇਕ ਕੌਮਾਂਤਰੀ ਹਾਕੀ ਖਿਡਾਰੀ ਮੈਦਾਨ ਵਿਚ ਉਤਾਰਨ ਦਾ ਮਾਣ ਹੈ। ਮਰਹੂਮ ਹਾਕੀ ਓਲੰਪੀਅਨ ਧਿਆਨ ਚੰਦ ਤੇ ਰੂਪ ਸਿੰਘ ਦੋਵੇਂ ਭਰਾਵਾਂ ਵਾਂਗ ਫਿਰੋਜ਼ਪੁਰ ਦੇ ਦੋਹ ਭਰਾਵਾਂ ਹਰਮੀਕ ਸਿੰਘ ਅਤੇ ਅਜੀਤ ਸਿੰਘ ਦੀ ਪਿਠ ਉੱਤੇਵੀ ਓਲੰਪੀਅਨ ਹਾਕੀ ਖਿਡਾਰੀ ਦੀ ਮੋਹਰ ਲੱਗੀ ਹੈ। ਗਗਨਅਜੀਤ ਸਿੰਘ ਨੂੰ ਦੋ ਵਾਰ ਓਲੰਪਿਕ ਹਾਕੀ ਵਿੱਚ ਭਾਰਤੀ ਟੀਮ ਦੀ ਪ੍ਰਤੀਨਿਧਤਾ ਦਾ ਮਾਣ ਹਾਸਲ ਹੈ। ਅਜੀਤ ਸਿੰਘ ਹੁਰੀਂ ਚਾਰ ਭਰਾ ਸਨ, ਜਿਨ੍ਹਾਂ ਵਿੱਚੋਂ ਬਲਜੀਤ ਸਿੰਘ ਨੇ ਜੂਨੀਅਰ ਹਾਕੀ ਟੀਮ ਦੀ ਸੰਸਾਰ ਪੱਧਰ ਉੱਤੇ ਨੁਮਾਇੰਦਗੀ ਕਰਨ ਤੋਂ ਇਲਾਵਾ ਕੌਮੀ ਪੱਧਰ ਉੱਤੇ ਖੇਡਣ ਦਾ ਮਾਣ ਹਾਸਲ ਕੀਤਾ। ਬਲਜੀਤ ਸਿੰਘ ਦੇ ਪੁੱਤਰ ਨਵਸ਼ੇਰ ਸਿੰਘ ਤੇ ਦਲੇਰ ਸਿੰਘ ਨੂੰ ਕੌਮੀ ਅਤੇ ਕੌਮਾਂਤਰੀ ਹਾਕੀ ਖੇਡ ਚੁੱਕੇ ਹਨ। ਜੂਨੀਅਰ ਵਰਲਡ ਕੱਪ ਹਾਕੀਦੀ ਸਿਲਵਰ ਮੈਡਲ ਜੇਤੂ ਟੀਮ ਵਿਚ ਖੇਡ ਚੁੱਕੇ ਨਵਸ਼ੇਰ ਸਿੰਘ ਦੀ ਪਤਨੀ ਪੂਨਮ ਨਵਸ਼ੇਰ ਸਿੰਘ ਵੀ ਬਾਸਕਿਟਬਾਲ ਦੀ ਕੌਮੀ ਅਤੇ ਕੌਮਾਂਤਰੀ ਹਾਕੀ ਖਿਡਾਰਨ ਹੈ ਅਤੇ ਇਹ ਪਰਵਾਰ ਖੇਡਾਂ ਦੇ ਖੇਤਰ ਵਿੱਚ ਵਿਸ਼ੇਸ਼ ਮਾਣ ਰੱਖਦਾ ਹੈ।



## ਸ਼ੋਕ ਸਮਾਚਾਰ

### ਬਾਪੂ ਬਖਸ਼ੀਸ਼ ਸਿੰਘ ਨਹੀਂ ਰਹੇ

ਬਟਾਲਾ ਤਹਿਸੀਲ ਦੇ ਪਿੰਡ ਸਕਾਲਾ ਦੇ ਜੰਮਪਲ ਸ੍ਰੀ ਬਖਸ਼ੀਸ਼ ਸਿੰਘ ਜੀ ਅਚਾਨਕ ਅਕਾਲ ਚਲਾਣਾ ਕਰ ਗਏ। ਉਹ 92 ਸਾਲ ਦੇ ਸਨ। ਉਨ੍ਹਾਂ ਦੇ ਦੇਹਾਂਤ ਉੱਤੇ ਰਿਸ਼ਤੇਦਾਰਾਂ ਤੇ ਸਨੇਹੀਆਂ ਵਲੋ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ। ਸ੍ਰੀ ਬਖਸ਼ੀਸ਼ ਸਿੰਘ ਜੀ ਪਿਛਲੇ ਲੰਬੇ ਸਮੇ ਤੋਂ ਆਪਣੇ ਪਰਿਵਾਰ ਨਾਲ ਟੋਰਾਂਟੋ ਵਿਚ ਰਹਿ ਰਹੇ ਸਨ। ਉਨ੍ਹਾਂ ਦਾ ਅੰਤਮ ਸਸਕਾਰ ਤੇ ਅੰਤਿਮ ਅਰਦਾਸ ਦੀਆਂ ਰਸਮਾਂ 19 ਅਗਸਤ ਨੂੰ ਅਦਾ ਕੀਤੀਆਂ ਜਾਣਗੀਆਂ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana



ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



Paramjit Deol Broker

CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000**




**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**




**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**



**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**



**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000**

Photo Not Available

**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**



**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**

Photo Not Available

**23 Wilmot St:** Sale Of Business With Property Gas Stations in Blandform-Blenheim Oxford area. For more information Call Paramjit Deol at 905-405-8484.

**Oshawa $659,000**

Photo Not Available

**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**

Photo Not Available

**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**



**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**



**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

**Oshawa $659,000**

Photo Not Available

**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**



**124 Cornwall Rd:** Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**



**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**



**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**




**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਪੰਜਾਬ ਵਿਚ ਕੋਰੋਨਾ ਦੀ ਮਾਰ ਹੇਠ 24 ਘੰਟਿਆਂ ਵਿਚ 35 ਮੌਤਾਂ, 1704 ਨਵੇਂ ਮਰੀਜ਼ ਮਿਲੇ

## * ਕੁੱਲ ਕੇਸਾਂ ਦੀ ਗਿਣਤੀ 34 ਹਜ਼ਾਰ ਤੇ ਮੌਤਾਂ ਦੀ 9 ਸੌ ਨੂੰ ਪੁੱਜੀ





ਚੰਡੀਗੜ੍ਹ, 19 ਅਗਸਤ, (ਪੋਸਟ ਬਿਊਰੋ)- ਸੋਮਵਾਰ ਅਤੇ ਮੰਗਲਵਾਰ ਦਰਮਿਆਨ ਪੰਜਾਬ ਵਿੱਚ ਕੋਰੋਨਾ ਵਾਇਰਸ ਦੇ 1704 ਨਵੇਂ ਮਰੀਜ਼ ਮਿਲਣ ਨਾਲ ਕੁੱਲ ਕੇਸਾਂ ਦੀ ਗਿਣਤੀ 34400 ਨੂੰ ਪਹੁੰਚ ਗਈ ਹੈ, ਜਿਨ੍ਹਾਂ ਵਿੱਚੋਂ 11740 ਮਰੀਜਾਂ ਦਾ ਇਲਾਜ ਹੋ ਰਿਹਾ ਹੈ, 898 ਦੀ ਮੌਤ ਹੋ ਗਈ ਹੈ ਅਤੇ ਬਾਕੀ ਠੀਕ ਹੋ ਕੇ ਘਰੀਂ ਜਾ ਚੁੱਕੇ ਹਨ।

ਸਰਕਾਰੀ ਸੂਚਨਾ ਮੁਤਾਬਕ ਸੋਮਵਾਰ ਅਤੇ ਮੰਗਲਵਾਰ ਦੇ 24 ਘੰਟਿਆਂ ਵਿੱਚ ਕੋਰੋਨਾ ਦੇ ਸਭ ਤੋਂ ਵੱਧ 483ਨਵੇਂ ਕੇਸ ਲੁਧਿਆਣਾ ਤੋਂ, 338ਪਟਿਆਲਾ ਤੋਂ, 132 ਜਲੰਧਰ ਤੋਂ 103 ਮੁਹਾਲੀ ਤੋਂਪਤਾ ਲੱਗੇ ਹਨ। ਅੱਜ ਤੱਕ ਪੰਜਾਬ ਵਿੱਚ ਇਸ ਰੋਗ ਨਾਲ 898 ਮਰੀਜ਼ਾਂ ਦੀ ਮੌਤ ਹੋ ਚੁੱਕੀ ਹੈ। ਰਾਜਧਾਨੀ ਚੰਡੀਗੜ੍ਹ ਵਿੱਚ ਵੀ ਮਰੀਜ਼ਾਂ ਦੀ ਗਿਣਤੀ 2305 ਤੱਕਚਲੀ ਗਈ ਹੈ, ਜਿਨ੍ਹਾਂ ਵਿੱਚੋਂ 1243 ਠੀਕ ਹੋਏ ਤੇ 1032 ਦਾ ਇਲਾਜ਼ ਚੱਲ ਰਿਹਾ ਹੈ ਅਤੇ 30 ਲੋਕਾਂ ਦੀ ਮੌਤ ਹੋਈ ਹੈ।

ਅੱਜ ਬੁੱਧਵਾਰ ਦੀ ਸਵੇਰ ਹੋਣ ਤਕ ਭਾਰਤ ਵਿੱਚ 27 ਲੱਖ 66 ਹਜ਼ਾਰ ਤੋਂ ਵੱਧ ਲੋਕ ਕੋਰੋਨਾ ਤੋਂ ਪੀੜਿਤ ਹੋ ਚੁੱਕੇ ਹਨ, ਜਿਨ੍ਹਾਂਵਿੱਚੋਂ53,023 ਲੋਕਾਂ ਦੀ ਮੌਤ ਹੋਈ ਹੈ। ਸਭ ਤੋਂ ਵੱਧ ਪ੍ਰਭਾਵਤ ਰਾਜ ਮਹਾਰਾਸ਼ਟਰ ਵਿੱਚ 20,265 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦ ਕਿ ਦੂਸਰੇ ਸਭ ਤੋਂ ਵੱਧ ਪ੍ਰਭਾਵਤ ਰਾਜ ਤਾਮਿਲ ਨਾਡੂ ਵਿੱਚ 5886 ਲੋਕ ਮਾਰੇ ਜਾ ਚੁੱਕੇ ਹਨ। ਤੀਸਰੇ ਥਾਂ ਦਿੱਲੀ ਵਿੱਚ 4214 ਲੋਕਾਂ ਦੀ ਮੌਤ ਹੋਈ ਹੈ, ਪਰ ਏਥੇ ਪਿਛਲੇ ਦੋ ਹਫਤਿਆਂ ਤੋਂ ਸਥਿਤੀ ਕਾਬੂ ਹੇਠ ਹੈ, ਜਦ ਕਿ ਕਾਬੂ ਤੋਂ ਬਾਹਰ ਹੁੰਦੇ ਜਾਂਦੇ ਕਰਨਾਟਕ ਵਿੱਚ ਮੌਤਾਂ ਦੀ ਗਿਣਤੀ 4062 ਹੋਣ ਦੇ ਬਾਅਦ ਵੀ ਵਧਦੀ ਜਾਂਦੀ ਹੈ। ਓਧਰ ਗੁਜਰਾਤ ਵਿੱਚ ਭਾਵੇਂ ਮੌਤਾਂ ਦੀ ਗਿਣਤੀ 2800 ਸੌ ਹੈ, ਓਥੇ ਵੀ ਪਿਛਲੇ ਇੱਕ ਮਹੀਨੇ ਤੋਂ ਬਿਮਾਰੀ ਕਾਬੂ ਹੇਠ ਲੱਗ ਰਹੀ ਹੈ, ਪਰ ਆਂਧਰਾ ਪ੍ਰਦੇਸ਼ ਵਿੱਚ ਸਥਿਤੀ ਵਿਗੜਦੀ ਜਾ ਰਹੀ ਹੈ ਤੇ ਓਥੇ ਮਰਨ ਵਾਲਿਆਂ ਦੀ ਗਿਣਤੀ ਕੁਝ ਹੀ ਦਿਨਾਂ ਵਿੱਚ 2732 ਨੂੰ ਜਾ ਪਹੁੰਚੀ ਹੈ, ਜਦ ਕਿ ਉੱਤਰ ਪ੍ਰਦੇਸ਼ ਵਿੱਚ 2515 ਅਤੇ ਪੱਛਮੀ ਬੰਗਾਲ ਵਿੱਚ 2473 ਮੌਤਾਂ ਹੋਣ ਦੇ ਕਾਰਨ ਇਨ੍ਹਾਂ ਦੋਵਾਂ ਰਾਜਾਂ ਵਿੱਚ ਵੀ ਸਥਿਤੀ ਚਿੰਤਾ ਵਾਲੀ ਬਣਦੀ ਜਾ ਰਹੀ ਹੈ।


ਕੀ ਤੁਸੀਂ ਕਰਜ਼ੇ ਵਿੱਚ ਹੋ?
ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION
ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਨਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਨਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਨ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382
-Collection Calls
-Personal Taxes
-GST/HST
-Credit Card Debts
-Personal Loans
-Pay Day Loans
-Student Loans
-Wage Garnishment
-Writ on your property
-Frozen Bank Accounts
CONTACT US:
Goma Sandhu
(416)-731-6382
gomasandhu@hotmail.com
WE HELP...
-Save your Assets
-Avoid Bankruptcy
-Small monthly payments
-Rebuild your credit
YOUR DEBT $ MY SOLUTION



jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com






REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com





ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
BOBBY SIDHU
partner
(Serving the Community for Over 16 yrs.)
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋਂ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cyclist ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਕਹਾਣੀ

# ਬਿਛੂਏ

-ਪ੍ਰੱਗਿਆ ਤਿਵਾੜੀ-

ਮਾਹੌਲ ਵਿੱਚ ਖੁਸ਼ੀ ਤੇ ਗ਼ਮ ਦੋਵਾਂ ਦੀ ਰੰਗਤ ਸੀ। ਆਖਰ ਬੇਟੀ ਦੀ ਵਿਦਾਈ ਦਾ ਪਲ ਹੀ ਕੁਝ ਅਜਿਹਾ ਹੁੰਦਾ ਹੈ। ਮਾਂ ਚੱਕਰਘੰਨੀ ਬਣੀ ਹੋਈ ਸੀ। ਇਹ ਲਿਆਓ, ਉਸ ਨੂੰ ਰੱਖੋ... ਇਨ੍ਹਾਂ ਸਭ ਦੇ ਦਰਮਿਆਨ ਘੁੰਮਦੀ ਮਾਂ ਨੇ ਇੱਕ ਨਜ਼ਰ ਲਾੜੀ ਬਣੀ ਆਪਣੀ ਛੋਟੀ ਬੇਟੀ ਰਾਣੀ 'ਤੇ ਮਾਰੀ ਤਾਂ ਇਕਦਮ ਅੱਥਰੂ ਵਹਿ ਤੁਰੇ। ਤਦ ਵੱਡੀ ਬੇਟੀ ਰਾਧਿਕਾ ਮਾਂ ਦੇ ਕੋਲ ਆ ਕੇ ਦਰਦ ਨਾਲ ਤੜਫਦੀ ਹੋਈ ਬੋਲੀ, ''ਮਾਂ, ਦੇਖੋ ਨਾ, ਇਹ ਬਿਛੂਏ ਚੁਭ ਰਹੇ ਹਨ, ਤੁਰਨਾ ਵੀ ਔਖਾ ਹੋਇਆ ਪਿਆ ਏ।'' ਰਾਣੀ ਦੀ ਵਿਦਾਈ ਦਾ ਸਾਮਾਨ ਪੈਕ ਕਰਦੀ ਮਾਂ ਨੂੰ ਸਾਹ ਲੈਣ ਤੱਕ ਦੀ ਫੁਰਸਤ ਨਹੀਂ ਸੀ, ''ਜਾ ਜਾ ਕੇ ਕੌੜਾ ਤੇਲ ਲਾ ਲੈ, ਕੀ ਜ਼ਰੂਰਤ ਸੀ ਨਵੇਂ ਬਿਛੂਏ ਪਾਉਣ ਦੀ, ਅਜੇ ਮੈਨੂੰ ਬਿਲਕੁਲ ਫੁਰਸਤ ਨਹੀਂ ਹੈ।'' ਆਪਣਾ ਕੰਮ ਕਰਦੇ-ਕਰਦੇ ਮਾਂ ਨੇ ਕਿਹਾ। ਰਾਧਿਕਾ ਵੀ ਲੰਗੜਾਉਂਦੇ ਹੋਏ ਉਥੋਂ ਚੁਪਚਾਪ ਚਲੀ ਗਈ।

ਜਿਵੇਂ-ਜਿਵੇਂ ਬੇਟੀ ਦੀ ਵਿਦਾਈ ਦਾ ਪਲ ਨੇੜੇ ਆਉਣ ਲੱਗਾ, ਮਾਂ ਦੇ ਹੱਥ-ਪੈਰ ਫੁੱਲਣ ਲੱਗੇ, ਦਿਲ ਦੀ ਧੜਕਣ ਅਚਾਨਕ ਰੁਕਦੀ ਅਤੇ ਅਗਲੇ ਪਲ ਤੇਜ਼ੀ ਨਾਲ ਦੌੜਨ ਲੱਗਦੀ। ਰਿਸ਼ਤੇਦਾਰ ਸਮਝਾ ਰਹੇ ਸਨ, ''ਬੜੀ ਹਿੰਮਤ ਵਾਲੀ ਏਂ ਤੂੰ ਜੋ ਇੰਨੀ ਜਲਦੀ ਦੋਵਾਂ ਧੀਆਂ ਦੇ ਹੱਥ ਪੀਲੇ ਕਰ ਕੇ ਗੰਗਾ ਨਹਾ ਲਈ, ਵਰਨਾ ਅੱਜ ਦੇ ਜ਼ਮਾਨੇ ਵਿੱਚ ਧੀਆਂ ਨੂੰ ਇੰਨੀ ਆਸਾਨੀ ਨਾਲ ਚੰਗੇ ਘਰ ਕਿੱਥੇ ਮਿਲਦੇ ਹਨ।''

''ਹਾਂ, ਚੰਗੇ ਘਰ, ਇਹੀ ਸਕੂਨ ਦੀ ਗੱਲ ਹੈ। ਦੋਵੇਂ ਧੀਆਂ ਚੰਗੇ ਘਰਾਂ ਵਿੱਚ ਹਨ, ਇਸ ਤੋਂ ਵੱਧ ਕੀ ਚਾਹੀਦੈ।'' ਇਹੀ ਸੋਚ ਕੇ ਮਾਂ ਨੇ ਰਾਹਤ ਦਾ ਸਾਹ ਲਿਆ ਅਤੇ ਪਾਣੀ ਦਾ ਗਿਲਾਸ ਉਠਾਇਆ।

ਤਦ ਰਾਧਿਕਾ ਫਿਰ ਆਈ, ''ਮਾਂ! ਇਸ ਵਾਰ ਉਸ ਨੇ ਹੌਲੀ ਜਿਹੇ ਆਵਾਜ਼ ਲਗਾਈ।''

''ਤੂੰ ਇਥੇ ਕੀ ਕਰਨ ਆ ਜਾਂਦੀ ਏਂ ਵਾਰ-ਵਾਰ ਆਪਣੀ ਭੈਣ ਦੇ ਕੋਲ ਜਾ ਕੇ ਬੈਠ ਨਾ, ਉਸ ਨੇ ਕੋਈ ਜ਼ਰੂਰੀ ਗੱਲ ਕਰਨੀ ਹੋਈ ਤਾਂ ਕਿਸ ਨੂੰ ਕਹੇਗੀ?'' ਮਾਂ ਨੇ ਸਮਝਾਉਂਦੇ ਹੋਏ ਕਿਹਾ।

''ਮਾਂ, ਮੇਰੀ ਵੀ ਵਿਦਾਈ ਦੀ ਤਿਆਰੀ ਕਰ ਦਿਓ, ਮੈਨੂੰ ਵੀ ਹੁਣੇ ਨਿਕਲਣਾ ਏ।''

''ਤੂੰ ਕਿੱਥੇ ਜਾ ਰਹੀ ਏਂ?'' ਮਾਂ ਨੇ ਹੈਰਾਨੀ ਨਾਲ ਪੁੱਛਿਆ।

''ਮਾਂ, ਏ (ਰਾਧਿਕਾ ਦਾ ਪਤੀ) ਜ਼ਿੱਦ ਕਰ ਰਹੇ ਹਨ, ਇਨ੍ਹਾਂ ਦੇ ਨਾਲ ਹੀ ਚੱਲਣ ਦੇ ਲਈ।''

''ਐਵੇਂ ਕਿਵੇਂ ਜ਼ਿੱਦ ਕਰ ਰਹੇ ਹਨ, ਇੰਨੀ ਜਲਦੀ ਕਿਵੇਂ ਜਾ ਸਕਦੇ ਹਨ ਜਵਾਈ ਜੀ, ਤੂੰ ਰੁਕ ਮੈਂ ਗੱਲ ਕਰਦੀ ਹਾਂ ਉਨ੍ਹਾਂ ਨਾਲ।'' ਫਲਾਂ ਦੀਆਂ ਡਲੀਆ ਉਥੇ ਹੀ ਸੁੱਟ ਕੇ ਮਹਿਮਾਨਾਂ ਦੀ ਭੀੜ ਨੂੰ ਚੀਰਦੇ ਹੋਏ ਮਾਂ ਬਾਹਰ ਨਿਕਲ ਗਈ।

''ਨਹੀਂ, ਤੁਸੀਂ ਨਹੀਂ ਮਾਂ, ਰੁਕੋ...'' ਪਿੱਛਿਓਂ ਰਾਧਿਕਾ ਨੇ ਚੀਕਦੀ ਰਹਿ ਗਈ, ਪਰ ਮਾਂ ਨੇ ਸਿੱਧਾ ਆਪਣੇ ਜਵਾਈ ਦੇ ਕੋਲ ਪਹੁੰਚ ਗਈ।

''ਜਵਾਈ ਜੀ! ਏ ਮੈਂ ਕੀ ਸੁਣ ਰਹੀ ਹਾਂ? ਤੁਸੀਂ ਲੋਕ ਵੀ ਹੁਣੇ ਹੀ ਜਾ ਰਹੇ ਹੋ?''

''ਜਾਣਾ ਤਾਂ ਹੋਵੇਗਾ ਮਾਂ ਜੀ, ਘਰੋਂ ਫੋਨ ਆ ਰਿਹਾ ਹੈ।'' ਜਵਾਈ ਜੀ ਬੋਲੇ।

''ਅਜੇ ਰਾਣੀ ਦੀ ਵਿਦਾਈ ਹੋਣ ਦਿਓ ਬੇਟਾ, ਤੁਸੀਂ ਲੋਕ ਘਰ ਦੇ ਹੋ, ਆਰਾਮ ਨਾਲ ਵਿਦਾ ਕਰ ਦਿਆਂਗੀ। ਉਂਝ ਵੀ ਇੱਕ ਬੇਟੀ ਦੀ ਵਿਦਾਈ ਵਿੱਚ ਛਾਤੀ ਫਟ ਰਹੀ ਹੈ, ਦੋਵਾਂ ਬੇਟੀਆਂ ਇਕੱਠੇ ਚਲੀਆਂ ਗਈਆਂ ਤਾਂ ਮੈਂ ਇਸ ਘਰ ਵਿੱਚ ਮਰ ਹੀ ਜਾਵਾਂਗੀ।'' ਭਰੇ ਗਲੇ ਨਾਲ ਜਿਵੇਂ-ਤਿਵੇਂ ਆਵਾਜ਼ ਨਿਕਲ ਸਕੀ।

''ਪਰ...'' ਜਵਾਈ ਜੀ ਕੁਝ ਸੋਚਦੇ ਹੋਏ ਬੋਲੇ, ''ਰਾਧਿਕਾ ਚਾਹੇ ਤਾਂ ਇਥੇ ਰੁਕ ਜਾਏ, ਮੈਂ ਹੁਣੇ ਜਾਣਾ ਹੈ। ਮੇਰੇ ਪਾਪਾ ਜੀ ਨੂੰ ਜ਼ਿਆਦਾ ਭੀੜ ਬਰਦਾਸ਼ਤ ਨਹੀਂ ਹੁੰਦੀ। ਉਹ ਹੋਰ ਜ਼ਿਆਦਾ ਰੁਕੇ ਤਾਂ ਬਿਮਾਰ ਪੈ ਜਾਣਗੇ।'' ਇੱਕ ਚਲਾਕ ਵਪਾਰੀ ਦੀ ਤਰ੍ਹਾਂ ਜਵਾਈ ਨੇ ਆਪਣੀ ਗੱਲ ਮਾਂ ਨੂੰ ਸਮਝਾ ਦਿੱਤੀ।

ਜਵਾਈ ਜੀ ਦੀ ਜ਼ਿੱਦ ਤੇ ਤਰਕ ਦੇ ਅੱਗੇ ਉਨ੍ਹਾਂ ਨੇ ਹਾਰ ਮੰਨ ਲਈ, ਪਰ ਰਾਧਿਕਾ ਦੇ ਰੁਕਣ ਨਾਲ ਮਨ ਨੇ ਰਾਹਤ ਦੀ ਸਾਹ ਲੈ ਕੇ ਜਵਾਈ ਨੂੰ ਹਜ਼ਾਰਾਂ ਦੁਆਵਾਂ ਦੇ ਦਿੱਤੀਆਂ।

ਰਾਧਿਕਾ ਦਾ ਚਿਹਰਾ ਦੇਖੇ ਬਿਨਾਂ ਮਾਂ ਕਹਿ ਕੇ ਚਲੀ ਗਈ। ਖੁਸ਼ੀ ਅਤੇ ਗ਼ਮ ਵਿੱਚ ਰਾਣੀ ਗੱਡੀ ਵਿੱਚ ਬੈਠ ਕੇ ਵਿਦਾ ਹੋ ਗਈ। ਬੇਟੀ ਦੀ ਵਿਦਾਈ ਵਿੱਚ ਦੁਸ਼ਮਣ ਵੀ ਪਿਘਲ ਜਾਏ, ਮਾਂ ਬੇਸੁਧ-ਜਿਹੀ ਹੋ ਗਈ। ਇਧਰ ਰਾਧਿਕਾ ਵੀ ਆਪਣਾ ਸਾਮਾਨ ਲੈ ਕੇ ਤਿਆਰ ਖੜ੍ਹੀ ਸੀ। ਮਾਂ ਕੁਝ ਸਮਝ ਨਹੀਂ ਪਾ ਰਹੀ ਸੀ। ਜਵਾਈ ਜੀ ਵੀ ਆਪਣੇ ਪਾਪਾ ਦੇ ਨਾਲ ਗੱਡੀ ਵਿੱਚ ਬੈਠ ਚੁੱਕੇ ਸਨ।

''ਤੂੰ ਕਿੱਥੇ ਚੱਲੀ ਏਂ ਧੀਏ? ਅਤੇ ਇਹ ਘੁੰਡ ਕਿਉਂ ਕੱਢਿਆ ਹੋਇਆ ਏ?'' ਮਾਂ ਨੇ ਪੁੱਛਿਆ ਤਾਂ ਰਾਧਿਕਾ ਮਾਂ ਦੇ ਗਲੇ ਲੱਗ ਗਈ।

''ਪਿਤਾ ਜੀ ਨਾਲ ਹਨ, ਇਸ ਲਈ ਘੁੰਡ ਕੱਢ ਲਿਆ। ਮੈਨੂੰ ਜਾਣ ਦੇ ਮਾਂ'' ਰਾਧਿਕਾ ਦੀ ਆਵਾਜ਼ ਭਾਰੀ ਹੋ ਗਈ। ਉਹ ਝੱਟ ਮਾਂ ਤੋਂ ਅਲੱਗ ਹੋਈ, ਬਾਕੀ ਮਹਿਮਾਨਾਂ ਤੋਂ ਵਿਦਾ ਲਈ ਤੇ ਬਾਹਰ ਜਾਣ ਲੱਗੀ। ਮਾਂ ਨੂੰ ਘਬਰਾਹਟ ਹੋ ਰਹੀ ਸੀ, ਸਰੀਰ ਤਾਂ ਥੱਕ ਚੁੱਕਾ ਸੀ, ਦਿਮਾਗ ਵੀ ਸੁੰਨ ਪੈ ਗਿਆ। ਆਖਿਰ ਰਿਹਾ ਨਾ ਗਿਆ ਤਾਂ ਜਾ ਕੇ ਰਾਧਿਕਾ ਦੇ ਗਲੇ ਲੱਗ ਗਈ, ''ਮਾਂ ਤੋਂ ਘੁੰਡ ਕਿਉਂ ਕੱਢ ਰਹੀ ਏਂ ਪਾਗਲ! ਇੱਕ ਵਾਰ ਆਪਣੀ ਬੇਟੀ ਦਾ ਚਿਹਰਾ ਤਾਂ ਦੇਖ ਲੈਣ ਦੇ।'' ਇੱਕ ਝਟਕੇ ਨਾਲ ਮਾਂ ਨੇ ਘੁੰਡ ਖਿੱਚ ਦਿੱਤਾ, ਰਾਧਿਕਾ ਨੇ ਘੁੰਢ ਫੜਨਾ ਚਾਹਿਆ, ਪਰ ਫੜ ਨਾ ਸਕੀ। ਇੱਕ ਪਲ ਨੂੰ ਮਾਂ ਦੀਆਂ ਅੱਖਾਂ ਦੇ ਸਾਹਮਣੇ ਹਨੇਰਾ ਛਾ ਗਿਆ। ਨੀਲੀ ਪਈ ਅੱਖ ਦੀ ਕੋਰ, ਬੁੱਲ੍ਹਾਂ ਦੇ ਹੇਠਾਂ ਰਿਸਦਾ ਹੋਇਆ ਖ਼ੂਨ, ਗਲ੍ਹ 'ਤੇ ਉਂਗਲਾਂ ਦੀ ਨੀਲੀ ਛਾਪ ਸਾਰੀ ਕਹਾਣੀ ਦੱਸ ਰਹੇ ਸਨ। ਮਹਿਮਾਨਾਂ ਦੀ ਨਜ਼ਰ ਪਏ, ਉਸ ਤੋਂ ਪਹਿਲਾਂ ਮਾਂ ਨੇ ਖੁਦ ਹੀ ਘੁੰਡ ਵਾਪਸ ਪਾ ਦਿੱਤਾ। ਜਵਾਈ ਹਾਰਨ ਤੇ ਹਾਰਨ ਵਜਾਈ ਜਾ ਰਿਹਾ ਸੀ। ਰਾਧਿਕਾ ਬਾਹਰ ਨਿਕਲਣ ਲੱਗੀ ਤਾਂ ਮਾਂ ਨੇ ਲੜਕਿਆਂ ਨੂੰ ਉਸ ਦਾ ਸਾਮਾਨ ਵਾਪਸ ਅੰਦਰ ਲਿਆਉਣ ਨੂੰ ਕਿਹਾ ਅਤੇ ਉਸ ਦਾ ਹੱਥ ਫੜ ਕੇ ਵਾਪਸ ਮੁੜਨ ਲੱਗੀ।

''ਇੰਝ ਨਾ ਕਰ ਮਾਂ, ਪਲੀਜ਼ ਜਾਣ ਦੇ। ਤੈਨੂੰ ਮੇਰੀ ਸਹੁੰ...।'' ਰਾਧਿਕਾ ਤਰਲੇ ਲੈਣ ਲੱਗੀ।

''ਤੇਰੀ ਸਹੁੰ ਦਾ ਮਾਣ ਰੱਖਣ ਨਾਲ ਤੂੰ ਕਿਹੜਾ ਜਿੰਦਾ ਰਹਿਣ ਵਾਲੀ ਏਂ।'' ਮਾਂ ਨੇ ਗੁੱਸੇ ਨਾਲ ਉਸ ਨੂੰ ਘੂਰਦੇ ਹੋਏ ਕਿਹਾ, ''ਹੁਣ ਇੱਕ ਸ਼ਬਦ ਹੋਰ ਨਹੀਂ।''

''ਇਨਸਾਨ ਮਰਨ ਮਗਰੋਂ ਗੰਗਾ ਨਹਾਉਂਦਾ ਹੈ, ਬੇਟੀਆਂ ਦਾ ਕੰਨਿਆਦਾਨ ਕਰ ਕੇ ਨਹੀਂ।'' ਮਾਂ ਨੇ ਵਿਹੜੇ ਵਿੱਚ ਜ਼ੋਰ ਨਾਲ ਕਿਹਾ ਅਤੇ ਰਾਧਿਕਾ ਨੂੰ ਉਸ ਦੇ ਕਮਰੇ ਵਿੱਚ ਲੈ ਗਈ। ਮਾਂ-ਧੀ ਨੇ ਇੱਕ-ਦੂਸਰੇ ਸਾਹਮਣੇ ਸਾਰੇ ਦਰਦ ਕਹਿ ਦਿੱਤੇ। ਜਿੰਨੀ ਵਾਰ ਮਾਂ ਰਾਧਿਕਾ ਦਾ ਨੀਲਾ ਪਿਆ ਚਿਹਰਾ ਦੇਖਦੀ, ਉਸ ਦਾ ਖ਼ੂਨ ਖੌਲ ਉਠਦਾ। ਰਾਤ ਭਰ ਮਾਂ ਉਸ ਦੇ ਸਿਰਹਾਣੇ ਬੈਠੀ ਸੋਚਦੀ ਰਹੀ, ''ਇੱਕ ਮਾਂ ਹੋ ਕੇ ਮੈਂ ਕਿਉਂ ਆਪਣੀ ਬੇਟੀ ਦੀਆਂ ਅੱਖਾਂ ਵਿੱਚ ਛਿਪਿਆ ਦਰਦ ਨਹੀਂ ਦੇਖ ਸਕੀ। ਅਨਪੜ੍ਹ ਹਾਂ, ਪਰ ਇੰਨੀ ਵੀ ਨਹੀਂ ਕਿ ਬੇਟੀ ਦਾ ਮਨ ਨਾ ਪੜ੍ਹ ਸਕਾਂ। ਹਰ ਵਾਰ ਪੇਕੇ ਆਉਣ ਦੇ ਨਾਂਅ 'ਤੇ ਕੰਮ ਦਾ ਬਹਾਨਾ ਕਰਨਾ, ਪੇਕੇ ਆਉਣ 'ਤੇ ਵੀ ਚਿਹਰੇ 'ਤੇ ਖੁਸ਼ੀ ਦੀ ਜਗ੍ਹਾ ਖੌਫ ਬਣਿਆ ਰਹਿਣਾ, ਪਤੀ ਦੀ ਗੱਲ ਆਉਣ 'ਤੇ ਗੱਲ ਘੁਮਾ ਦੇਣਾ, ਬੇਵਜ੍ਹਾ ਚਿਹਰੇ 'ਤੇ ਮੇਕਅਪ ਦੀਆਂ ਪਰਤਾਂ ਚੜ੍ਹਾਉਂਦੇ ਰਹਿਣਾ, ਕਿਉਂ ਕੁਝ ਨਹੀਂ ਸਮਝ ਸਕੀ। ਦੋ ਸਾਲ ਤੋਂ ਜਵਾਈ ਨੂੰ ਬੇਟਾ ਮੰਨਦੇ ਹੀ ਬੇਟੀ ਦਾ ਦਰਦ ਅੱਖਾਂ ਤੋਂ ਓਝਲ ਕਿਵੇਂ ਹੋ ਜਾਣ ਦਿਆਂ, ਅੱਜ ਉਸ ਲੜਕੇ ਦੀ ਇੰਨੀ ਹਿੰਮਤ ਵਧ ਗਈ ਕਿ ਮੇਰੇ ਹੀ ਘਰ ਵਿੱਚ ਆ ਕੇ ਮੇਰੀ ਬੇਟੀ 'ਤੇ...?''

''ਮਾਂ ਬਿਛੂਏ ਚੁਭ ਰਹੇ ਹਨ!'' ਬੇਟੀ ਨੀਂਦ ਵਿੱਚ ਹੀ ਦਰਦ ਨਾਲ ਤੜਫੀ। ਮਾਂ ਨੇ ਰਾਧਿਕਾ ਦੇ ਪੈਰਾਂ ਨੂੰ ਦੇਖਿਆ, ਉਂਗਲਾਂ ਪਾਣੀ ਵਿੱਚ ਕੰਮ ਕਰਦੇ-ਕਰਦੇ ਗਲ ਚੁੱਕੀਆਂ ਸਨ। ਅਚਾਨਕ ਮਾਂ ਨੂੰ ਨਾ ਜਾਣੇ ਕੀ ਸੁੱਝਿਆ, ਇੱਕ ਇੱਕ ਕਰ ਕੇ ਰਾਧਿਕਾ ਦੇ ਸਾਰੇ ਬਿਛੂਏ ਉਤਾਰ ਸੁੱਟੇ।

''ਇਹ ਕੀ ਕਰ ਰਹੀ ਏਂ ਮਾਂ? ਦਰਦ ਹੋ ਰਿਹਾ ਹੈ।'' ਆਪਣੇ ਪੈਰਾਂ ਨੂੰ ਖਿੱਚ ਰਾਧਿਕਾ ਉਠ ਕੇ ਬੈਠ ਗਈ। ਉਸ ਦੇ ਪੈਰਾਂ ਨੂੰ ਗੋਦ ਵਿੱਚ ਰੱਖ ਮਲ੍ਹਮ ਲਗਾਉਂਦੇ ਹੋਏ ਮਾਂ ਬੋਲੀ, ''ਇਸੇ ਦਰਦ ਤੋਂ ਤੈਨੂੰ ਆਜ਼ਾਦੀ ਦਿਵਾ ਰਹੀ ਹਾਂ ਬੇਟਾ, ਇਹ ਬਿਛੂਏ ਨਹੀਂ ਚੁੱਭਣ ਦਿਆਂਗੀ ਤੈਨੂੰ।'' ਰਾਧਿਕਾ ਨੂੰ ਮਾਂ ਦੀਆਂ ਗੱਲਾਂ ਸਮਝ ਨਹੀਂ ਆਈਆਂ, ਪਰ ਮਮਤਾ ਦਾ ਸਪਰਸ਼ ਲੱਗਾ ਤਾਂ ਦਰਦ ਵਿੱਚ ਰਾਹਤ ਜ਼ਰੂਰ ਮਿਲੀ ਸੀ। ਉਹ ਵਾਪਸ ਸੌਂ ਗਈ। ਰਾਧਿਕਾ ਨੂੰ ਬੇਪ੍ਰਵਾਹ ਨੀਂਦ ਇਸ ਚੁਭਣ ਤੋਂ ਆਜ਼ਾਦ ਹੋਣ ਦੀ ਨਿਸ਼ਾਨੀ ਸੀ।

ਮਾਂ ਹੁਣ ਵੀ ਜਾਗ ਰਹੀ ਸੀ, ਹਨੇਰਾ ਛਟਣ ਦੇ ਇੰਤਜ਼ਾਰ ਵਿੱਚ-ਬੇਟੀ ਦੀ ਜ਼ਿੰਦਗੀ 'ਚੋਂ ਵੀ ਅਤੇ ਆਪਣੇ ਵਿਹੜੇ 'ਚੋਂ ਵੀ। ਅਗਲੀ ਸਵੇਰ ਉਨ੍ਹਾਂ ਜ਼ਮੀਨ 'ਤੇ ਪਏ ਬਿਛੂਏ ਦੀ ਚੁਭਣ ਦਾ ਹਿਸਾਬ ਲੈਣਾ ਵੀ ਤਾਂ ਬਾਕੀ ਸੀ।

## ਹਲਕਾ ਫੁਲਕਾ

ਅਧਿਆਪਕ, ''ਦੱਸੋ ਬੱਚਿਓ ਦਿਨ ਵਿੱਚ ਤਾਰੇ ਕਿਸ ਸਮੇਂ ਦਿਖਾਈ ਦਿੰਦੇ ਹਨ।''
ਹਨੀ, ''ਸਰ, ਜਦੋਂ ਚਪੇੜਾਂ ਪੈਂਦੀਆਂ ਹਨ।''

*********

ਜੱਜ, ''ਤੇਰਾ ਜੁਰਮ ਸਾਬਿਤ ਹੋ ਚੁੱਕਾ ਹੈ। ਕੱਲ੍ਹ ਤੈਨੂੰ ਫਾਂਸੀ 'ਤੇ ਚੜ੍ਹਾਇਆ ਜਾਏਗਾ।''
ਕਾਲੂ, ''ਉਹ ਤਾਂ ਠੀਕ ਹੈ, ਪਰ ਉਤਾਰਿਆ ਕਦੋਂ ਜਾਏਗਾ? ਦੁਕਾਨ ਵੀ ਤਾਂ ਖੋਲ੍ਹਣੀ ਹੈ।''

*********

ਇੱਕ ਬਜ਼ੁਰਗ ਵਿਅਕਤੀ, ''ਬੇਟਾ ਕਿਵੇਂ ਹੋ?''
ਹਨੀ, ''ਠੀਕ ਹਾਂ।''
ਬਜ਼ੁਰਗ, ''ਪੜ੍ਹਾਈ ਕਿਸ ਤਰ੍ਹਾਂ ਚੱਲ ਰਹੀ ਹੈ?''
ਹਨੀ, ''ਬਿਲਕੁਲ ਤੁਹਾਡੀ ਜ਼ਿੰਦਗੀ ਵਾਂਗ।''
ਬਜ਼ੁਰਗ, ''ਮਤਲਬ?''
ਹਨੀ, ''ਭਗਵਾਨ ਭਰੋਸੇ।''

# ਪਿੱਪਲ ਦਿਆ ਪੱਤਿਆ ਵੇ..

-ਪ੍ਰੋ. ਬਲਵੀਰ ਕੌਰ ਰੀਹਲ

ਪਿੰਡਾਂ ਦੀ ਪਛਾਣ ਦਰੱਖਤਾਂ ਦੇ ਝੁੰਡਾਂ ਤੋਂ ਹੁੰਦੀ ਸੀ। ਇਨ੍ਹਾਂ ਵਿੱਚ ਪਿੱਪਲ ਖ਼ਾਸ ਹੁੰਦਾ ਸੀ, ਪਿੱਪਲ ਤੋਂ ਭਾਵ ਪੀਪਲ, ਬ੍ਰਿਖ ਤੋਂ ਹੈ। ਪਿੰਡਾਂ ਵਿੱਚ ਵੱਡੇ-ਵੱਡੇ ਪਿੱਪਲ ਤੇ ਬੋਹੜ ਸਿਰਫ਼ ਇੱਕ ਦਰੱਖਤ ਨਹੀਂ ਸਨ, ਇਨ੍ਹਾਂ ਹੇਠ ਜਿਉਂਦਾ ਜਾਗਦਾ ਦਿਲ ਧੜਕਦਾ ਸੀ। ਲੋਕ ਲੰਬੇ ਸਫ਼ਰ ਸਮੇਂ ਇਨ੍ਹਾਂ ਹੇਠ ਵਿਸ਼ਰਾਮ ਕਰਕੇ ਘੜੇ ਵਿੱਚੋਂ ਪਾਣੀ ਪੀ ਕੇ ਅੱਗੇ ਤੁਰ ਪੈਂਦੇ ਸਨ। ਸੱਥਾਂ ਜੁੜਦੀਆਂ ਸਨ ਤੇ ਇਨ੍ਹਾਂ ਹੇਠ ਤੀਆਂ ਦੇ ਮੇਲੇ ਲੱਗਦੇ, ਕੁੜੀਆਂ ਗਿੱਧੇ ਪਾਉਂਦੀਆਂ ਤੇ ਪੀਂਘਾਂ ਝੂਟਦੀਆਂ ਸਨ:

ਧੰਨ ਭਾਗ ਮੇਰੇ ਪਿੱਪਲ ਆਖੇ
ਕੁੜੀਆਂ ਨੇ ਪੀਂਘਾਂ ਪਾਈਆਂ
ਸਾਉਣ ਵਿੱਚ ਕੁੜੀਆਂ ਨੇ
ਪੀਂਘਾਂ ਅਸਮਾਨ ਚੜ੍ਹਾਈਆਂ।

*****

ਕਾਹਨੂੰ ਵੇ ਪਿੱਪਲਾ ਖੜ ਖੜ ਲਾਈ ਆ
ਵੇਖ ਛਰਾਟੇ ਸਾਉਣ ਦੇ..
ਅਜੇ ਜਵਾਨੀ ਓਦਰੀ ਓਦਰੀ
ਸੱਜਣਾਂ ਨੂੰ ਘਰ ਆਉਣ ਦੇ।

ਮਨੁੱਖ ਨੂੰ ਬੁਢਾਪੇ ਬਾਰੇ ਵੀ ਪਿੱਪਲ ਦੇ ਪੀਲੇ ਹੋ ਕੇ ਡਿੱਗਦੇ ਪੱਤਿਆਂ ਦੀ ਨਸੀਹਤ ਦੇ ਕੇ ਸਮਝਾਇਆ ਜਾਂਦਾ ਹੈ:

ਪਿੱਪਲ ਦਿਆ ਪੱਤਿਆ ਵੇ
ਕੇਹੀ ਖੜ-ਖੜ ਲਾਈ ਆ
ਪੱਤ ਝੜੇ ਪੁਰਾਣੇ ਵੇ
ਰੁੱਤ ਨਵਿਆਂ ਦੀ ਆਈ ਆ।

ਪਿੱਪਲ ਦੇ ਪੱਤੇ ਨੂੰ ਗੁਰਬਾਣੀ ਵਿੱਚ ਕੋਮਲ ਮਨੁੱਖੀ ਮਨ ਨਾਲ ਤੁਲਨਾ ਦਿੱਤੀ ਗਈ ਹੈ, ਕਿਉਂਕਿ ਮਨ ਚੰਚਲ ਹੈ ਤੇ ਪੱਤਾ ਵੀ ਚੰਚਲ। ਭੋਰਾ ਹਵਾ ਨਾ ਹੋਵੇ, ਤਾਂ ਵੀ ਇਹ ਹਿੱਲਦਾ ਰਹਿੰਦਾ ਹੈ। ਪਿੱਪਲ ਦੀ ਦਾੜ੍ਹੀ ਬਹੁਤ ਘੱਟ ਹੁੰਦੀ ਹੈ। ਜੇ ਉਹ ਮਿਲ ਜਾਵੇ ਤਾਂ ਉਸ ਦੀ ਕੀਮਤ ਬਹੁਤ ਜ਼ਿਆਦਾ ਹੁੰਦੀ ਹੈ ਤੇ ਉਹ ਬਹੁਤ ਮਹਿੰਗੀ ਤੋਲਿਆਂ ਦੇ ਭਾਅ ਵਿਕਦੀ ਹੈ। ਸਿਹਤ ਲਈ ਪਿੱਪਲ ਬਹੁਤ ਗੁਣਕਾਰੀ ਹੈ। ਪੀਲੀਆ, ਰਤੌਂਧੀ, ਮਲੇਰੀਆ, ਖੰਘ, ਦਮੇ, ਸਰਦੀ ਤੇ ਸਿਰ ਦਰਦ ਦੇ ਇਲਾਜ ਲਈ ਪਿੱਪਲ ਦੀਆਂ ਟਾਹਣੀਆਂ, ਲੱਕੜੀ, ਪੱਤੀਆਂ, ਕਰੂੰਬਲਾਂ ਆਦਿ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਪਿੱਪਲ 'ਤੇ ਦੇਵੀ-ਦੇਵਤਿਆਂ ਦੇ ਨਿਵਾਸ ਦੀ ਮਿੱਥ ਹੈ। ਅਸਲ ਗੱਲ ਇਹ ਹੈ ਕਿ ਪਿੱਪਲ ਦਿਨ ਰਾਤ ਆਕਸੀਜਨ ਛੱਡਦਾ ਹੈ। ਜੇ ਕੋਈ ਬੰਦਾ ਕੁਝ ਗੇੜੇ ਪਿੱਪਲ ਦੇ ਕੱਢ ਲਏ ਤਾਂ ਉਸ ਨੂੰ ਤਰੋ-ਤਾਜ਼ਾ ਹਵਾ ਮਿਲ ਜਾਂਦੀ ਹੈ। ਹੁਸ਼ਿਆਰਪੁਰ ਵੜਦੇ ਸਾਰ ਪਿੱਪਲਾਂਵਾਲੀ ਨਾਂ ਦਾ ਪਿੰਡ ਹੈ। ਮੈਂ ਕਈ ਵਾਰ ਗਿਣਤੀ ਕਰਕੇ ਵੇਖੀ ਤਾਂ ਬਾਕੀ ਇਲਾਕਿਆਂ ਨਾਲੋਂ ਉਥੇ ਅਜੇ ਵੀ ਪਿੱਪਲਾਂ ਦੀ ਗਿਣਤੀ ਵੱਧ ਹੈ, ਪਰ ਆਉਣ ਵਾਲੇ ਸਮੇਂ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।

ਪਿੱਪਲ ਦੀ ਛਾਂ ਬੋਹੜ ਤੋਂ ਘੱਟ ਹੁੰਦੀ ਹੈ। ਪਿੱਪਲ ਨੂੰ ਅੰਗਰੇਜ਼ੀ ਵਿੱਚ ਸੇਕਰਡ ਫਿਗ ਤੇ ਸੰਸਕ੍ਰਿਤ ਵਿੱਚ ਅਸ਼ਵੱਥ ਕਿਹਾ ਜਾਂਦਾ ਹੈ। ਪਿੱਪਲ ਦਾ ਰੁੱਖ ਭਾਰਤ, ਨੇਪਾਲ, ਸ੍ਰੀ ਲੰਕਾ ਅਤੇ ਇੰਡੋਨੇਸ਼ੀਆ ਵਿੱਚ ਮਿਲਦਾ ਹੈ। ਪਿੱਪਲ ਬੋਹੜ ਗੂਲਰ ਜਾਤੀ ਦਾ ਵਿਸ਼ਾਲ ਆਕਾਰ ਦਾ ਰੁੱਖ ਹੈ। ਇਸ ਦੀ ਭਾਰਤ ਵਿੱਚ ਅਨੇਕਾਂ ਵਾਰ ਪੂਜਾ ਕੀਤੀ ਜਾਂਦੀ ਹੈ। ਬੋਹੜ ਅਤੇ ਗੂਲਰ ਵਾਂਗ ਇਸ ਦੇ ਫੁੱਲ ਵੀ ਗੁਪਤ



ਹੁੰਦੇ ਹਨ। ਇਸ ਲਈ ਇਸ ਨੂੰ ਗੁਹਿਅਪੁਸ਼ਪਕ ਵੀ ਕਿਹਾ ਜਾਂਦਾ ਹੈ। ਹੋਰ ਕਸ਼ੀਰੀ (ਦੁੱਧ ਵਾਲੇ) ਰੁੱਖਾਂ ਵਾਂਗ ਪਿੱਪਲ ਵੀ ਲੰਬੀ ਉਮਰ ਵਾਲਾ ਰੁੱਖ ਹੈ। ਇਸ ਦੇ ਫ਼ਲ ਬੋਹੜ-ਗੂਲਰ ਵਾਂਘ ਬੀਜਾਂ ਨਾਲ ਭਰੇ ਹੁੰਦੇ ਹਨ ਅਤੇ ਸਰੂਪ ਪੱਖੋਂ ਮੂੰਗਫਲੀ ਦੇ ਦਾਣਿਆਂ ਵਾਂਗ ਹੁੰਦੇ ਹਨ। ਪਿੱਪਲ ਦੇ ਪੱਤੇ ਚੰਚਲ, ਕੋਮਲ ਅਤੇ ਸੁੰਦਰ ਹੁੰਦੇ ਹਨ।


ਭਾਰਤੀ ਸੰਸਕ੍ਰਿਤੀ ਵਿੱਚ ਪਿੱਪਲ ਦੇ ਦਰੱਖਤ ਨੂੰ ਮਹੱਤਵ ਪੂਰਨ ਸਥਾਨ ਹਾਸਲ ਹੈ ਤੇ ਇਸ ਦੀ ਅਨੇਕ ਸਮਿਆਂ 'ਤੇ ਪੂਜਾ ਕੀਤੀ ਜਾਂਦੀ ਹੈ। ਪਿੱਪਲ ਦੇ ਬੀਜ ਰਾਈ ਦੇ ਦਾਣਿਆਂ ਤੋਂ ਅੱਧੇ ਆਕਾਰ ਦੇ ਹੁੰਦੇ ਹਨ। ਬਰਸਾਤ ਦੇ ਮੌਸਮ ਵਿੱਚ ਇਸ ਨੂੰ ਨਵੀਆਂ ਕਰੂੰਬਲਾਂ ਫੁੱਟਦੀਆਂ ਹਨ। ਪਿੱਪਲ ਦੇ ਪੱਤੇ ਬੋਹੜ ਦੇ ਪੱਤਿਆਂ ਤੋਂ ਮੁਲਾਇਮ ਹੁੰਦੇ ਹਨ। ਪਿੱਪਲ ਦੇ ਪੱਤੇ ਹਾਥੀਆਂ ਦੀ ਖੁਰਾਕ ਵਜੋਂ ਵੀ ਵਰਤੇ ਜਾਂਦੇ ਹਨ। ਬੱਕਰੀਆਂ ਬਹੁਤ ਖੁਸ਼ ਹੋ ਕੇ ਖਾਂਦੀਆਂ ਹਨ। ਇਸ ਦੀ ਲੱਕੜ ਨੂੰ ਬਾਲਣ ਸਮੇਂ ਇਸ ਵਿੱਚੋਂ ਕਾਰਬਨ ਡਾਈਆਕਸਾਈਡ ਨਿਕਲਦੀ ਹੈ, ਇਸੇ ਕਰਕੇ ਪਿੱਪਲ ਨੂੰ ਸਾੜਨਾ ਪਾਪ ਮੰਨਿਆ ਜਾਂਦਾ ਹੈ। ਇਹ ਗੈਸ ਮਨੁੱਖ ਨੂੰ ਅੰਨ੍ਹਾ ਕਰ ਸਕਦੀ ਹੈ। ਪਿੱਪਲ ਦੇ ਪੱਤੇ, ਟਾਹਣੀਆਂ, ਲੱਕੜੀ, ਕਰੂੰਬਲਾਂ ਆਦਿ ਨੂੰ ਕਈ ਬਿਮਾਰੀਆਂ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ। ਭਾਰਤੀ ਪਰੰਪਰਾ ਵਿੱਚ ਇਸ ਨੂੰ ਪੁਰਾਣਾ ਦਰੱਖਤ ਹੋਣ ਕਰਕੇ ਬਹੁਤ ਮਾਣ-ਸਨਮਾਨ ਦਿੱਤਾ ਜਾਂਦਾ ਹੈ। ਪਿੱਪਲ ਦੇ ਫ਼ਲਾਂ ਨੂੰ ਪਪੀਸੀਆਂ/ ਗੋਲ੍ਹਾਂ ਆਖਿਆ ਜਾਂਦਾ ਹੈ। ਇਨ੍ਹਾਂ ਫ਼ਲਾਂ ਨੂੰ ਪੰਛੀ ਬਹੁਤ ਚਾਅ ਨਾਲ ਖਾਂਦੇ ਹਨ। ਇਨ੍ਹਾਂ ਪੰਛੀਆਂ ਰਾਹੀਂ ਨਵੇਂ ਦਰੱਖਤ ਤਿਆਰ ਕਰਨ ਵਿੱਚ ਮਦਦ ਮਿਲਦੀ ਹੈ।

ਪਿੱਪਲ ਦੀ ਪੂਜਾ ਕਰਨ ਪਿੱਛੇ ਇੱਕ ਵਿਗਿਆਨਕ ਤੱਤ ਹੈ। ਇਹ ਦਿਨ ਰਾਤ ਭਾਵ 24 ਘੰਟੇ ਆਕਸੀਜਨ ਦੇਂਦਾ ਹੈ ਜਿਹੜੀ ਜੀਵਨ ਲਈ ਬਹੁਤ ਮਹੱਤਵ ਪੂਰਨ ਹੁੰਦੀ ਹੈ। ਅਧਿਆਤਮਕ ਲੋਕ ਪਿੱਪਲਾਂ ਹੇਠ ਡੇਰੇ ਲਾਉਂਦੇ ਸਨ। ਵਿਗਿਆਨਕ ਦ੍ਰਿਸ਼ਟੀਕੋਣ ਅਨੁਸਾਰ ਪਿੱਪਲ ਇਕੱਲਾ ਉਹ ਰੁੱਖ ਹੈ ਜਿਹੜਾ ਦਿਨ ਰਾਤ ਆਕਸੀਜਨ ਛੱਡਦਾ ਹੈ। ਮਿੱਥ ਮੁਤਾਬਕ ਇਸ ਨੂੰ ਬ੍ਰਹਮਾ ਵੀ ਕਿਹਾ ਜਾਂਦਾ ਹੈ। ਬ੍ਰਹਮਾ ਨੂੰ ਜੀਵਨ ਦਾ ਦੇਵਤਾ ਮੰਨਿਆ ਜਾਂਦਾ ਹੈ। ਪਿੱਪਲ ਦੇ ਪੱਤਿਆਂ ਦੇ ਆਕਾਰ ਨੂੰ ਸਿਰ, ਮੱਥੇ, ਕੰਨਾਂ ਅਤੇ ਗਲੇ ਦੇ ਗਹਿਣਿਆਂ ਲਈ ਵਰਤਿਆ ਜਾਂਦਾ ਹੈ। ਬਹੁਤ ਸਾਰੀਆਂ ਔਰਤਾਂ ਦੇ ਪੈਰਾਂ ਵਿੱਚ ਪਾਉਣ ਵਾਲੀਆਂ ਪਾਜੇਬਾਂ ਵਿੱਚ ਬੋਰਾਂ ਦੀ ਥਾਂ ਪਿੱਪਲ ਪੱਤੀਆਂ ਦਾ ਡਿਜ਼ਾਇਨ ਲਟਕਦਾ ਮਿਲਦਾ ਹੈ।

ਪੁਰਾਣੇ ਸਮਿਆਂ ਵਿੱਚ ਰਾਹਗੀਰ ਪੈਦਲ ਸਫ਼ਰ ਕਰਦੇ ਸਨ ਤੇ ਉਹ ਇਨ੍ਹਾਂ ਪਿੱਪਲਾਂ ਹੇਠ ਵਿਸ਼ਰਾਮ ਕਰਦੇ। ਇਸੇ ਤਰ੍ਹਾਂ ਇਹ ਦਰੱਖਤ ਪੰਛੀਆਂ ਦਾ ਵੀ ਰੈਣ ਬਸੇਰਾ ਬਣਦਾ ਹੈ। ਪਿੱਪਲ ਦਾ ਦਰੱਖਤ ਹਿੰਦੂ ਮੱਤ ਦੇ ਨਾਲ ਬੁੱਧ ਧਰਮ ਵਿੱਚ ਵੀ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਮਹਾਤਮਾ ਬੁੱਧ ਨੂੰ ਪਿੱਪਲ ਦੇ ਦਰੱਖਤ ਹੇਠਾਂ ਗਿਆਨ ਪ੍ਰਾਪਤੀ ਹੋਈ ਸੀ। ਇਸ ਦਰੱਖਤ ਦੀ ਉਮਰ ਇੱਕ ਹਜ਼ਾਰ ਸਾਲ ਮੰਨੀ ਗਈ ਹੈ। ਲੋਕ ਪਿੱਪਲਾਂ ਹੇਠ ਮਜਲਿਸਾਂ ਲਾਇਆ ਕਰਦੇ ਸਨ ਤੇ ਮਨ ਪ੍ਰਚਾਵੇ ਲਈ ਇਸ ਨੂੰ ਪਿੜ ਦੇ ਤੌਰ 'ਤੇ ਵਰਤਿਆ ਜਾਂਦਾ ਸੀ। ਪਿੱਪਲ ਹਰ ਇੱਕ ਲਈ ਮਿਲਣ ਦਾ ਸਬੱਬ ਬਣਦਾ ਸੀ। ਪਿੱਪਲ ਦਾ ਬੂਟਾ ਤਾਂ ਕੰਧਾਂ ਵਿੱਚ ਵੀ ਉਂਗ ਪੈਂਦਾ ਹੈ। ਇਹ ਬਹੁਤ ਫਾਇਦੇਮੰਦ ਦਰੱਖਤ ਹੈ। ਇਸਦੇ ਬਾਵਜੂਦ ਲੋਕ ਇਸਨੂੰ ਧੜਾਧੜ ਵੱਢ ਰਹੇ ਹਨ। ਆਓ, ਵੱਧ ਤੋਂ ਵੱਧ ਨਵੇਂ ਪਿੱਪਲ ਦੇ ਬੂਟੇ ਲਾਈਏ।

ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ। ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ।
ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
289-541-5384



ਕੈਸਲਮੋਰ, ਗੋਰ ਰੋਡ, ਹਾਈਵੇ 50, ਟਾਰਬਰਮ, ਏਅਰਪੋਰਟ ਰੋਡ, ਕੰਟਰੀਸਾਈਡ ਆਦਿ ਏਰੀਏ ਤੋਂ ਕਾਮਿਆਂ ਨੂੰ ਪਹਿਲ ਦਿੱਤੀ ਜਾਵੇਗੀ।

ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
647-764-3637

A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਫਰੀ ਪਿਕਅਪ

Best Rates For Lessons

ਲੇਡੀ ਇੰਸਟ੍ਰਕਟਰ




647-998-7500 ਬਲਵਿੰਦਰ

Visions of Punjab



Natasha Mahal
Co-Host

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Iqbal Mahal
Producer & Host

Serving the South Asian Community Since 1976

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005

Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3,
ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE

Best Canadian Truck & Forklift Training Centre

Registered as a Private Career College Under the Private Career College Act. 2005







AZ Tractor trailer program
Manual transmission & backup training everyday
We welcome welfare workers & compensation clients

Open Seven Days

Forklift Re-Certification Only $79.00/-




Karnail Singh

416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# 'ਲੁਕਵੀਂ ਜੰਗ' ਲੜਨਗੀਆਂ ਮਹਿਲਾ ਫੌਜੀ

-ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ



ਇੰਡੀਅਨ ਆਰਮੀ ਦੇ ਇਤਿਹਾਸ 'ਚ ਇਹ ਪਹਿਲੀ ਵਾਰ ਵਾਪਰਿਆਂ ਜਦੋਂ ਅਸਾਮ ਰਾਈਫਲਸ (ਏ ਆਰ) ਤੋਂ ਮਹਿਲਾ ਫੌਜੀਆਂ ਨੂੰ ਡੈਪੂਟੇਸ਼ਨ 'ਤੇ ਲਿਆ ਕੇ ਉਤਰੀ ਕਸ਼ਮੀਰ ਦੇ ਤੰਗਧਾਰ ਸੈਕਟਰ 'ਚ ਲਾਈਨ ਆਫ ਕੰਟਰੋਲ (ਐਲ ਓ ਸੀ) ਦੇ ਨੇੜੇ ਜਾਰੀ ਲੁਕਵੀਂ ਜੰਗ 'ਚ ਆਪਣੀ ਅਸਲੀ ਭੂਮਿਕਾ ਨਿਭਾਉਣ ਵਾਸਤੇ ਤਾਇਨਾਤ ਕੀਤਾ ਗਿਆ ਹੈ। ਤਕਰੀਬਨ ਦੋ ਦਹਾਕਿਆਂ ਤੋਂ ਔਰਤ ਫੌਜੀਆਂ ਨੂੰ ਸਥਾਈ ਕਮਿਸ਼ਨ ਦੇਣ ਬਾਰੇ ਅਤੇ ਉਨ੍ਹਾਂ ਦੀ ਲੜਾਕੂ ਲਸ਼ਕਰ 'ਚ ਭਾਈਵਾਲੀ ਬਾਰੇ ਚਰਚਾ ਚੱਲਦੀ ਆ ਰਹੀ ਹੈ। ਉਂਝ ਦਾ ਮਹਿਲਾ ਜਵਾਨ ਅਤੇ ਅਫਸਰ ਲੱਦਾਖ ਸਕਾਊਟ 'ਚ ਸ਼ਾਮਲ ਹੋ ਕੇ ਲਾਈਨ ਆਫ ਐਕਚੂਅਲ ਕੰਟਰੋਲ (ਐਲ ਏ ਸੀ) ਅਤੇ ਦੇਸ਼ ਦੀ ਸੁਰੱਖਿਆ ਨਾਲ ਸਬੰਧਤ ਜ਼ਿੰਮੇਵਾਰੀਆਂ ਨਿਭਾ ਰਹੇ ਹਨ। ਏਸੇ ਤਰ੍ਹਾਂ ਬੀ ਐਸ ਐਫ ਦੀਆਂ ਔਰਤਾਂ ਨੂੰ ਵੀ ਅੰਦਰੂਨੀ ਸੁਰੱਖਿਆ ਨਾਲ ਜੁੜੇ ਕਾਰਜ ਸੌਂਪੇ ਹੋਏ ਹਨ, ਪਰ ਏ ਆਰ ਦੀ ਇੱਕ 30 ਮੈਂਬਰੀ ਔਰਤਾਂ ਵਾਲੀ ਪਲਟੂਨ ਨੂੰ ਕਸ਼ਮੀਰ ਵਾਦੀ 'ਚ ਅੱਤਵਾਦੀਆਂ ਨਾਲ ਜਾਰੀ ਗੁੱਝੀ ਜੰਗ 'ਚ ਸ਼ਾਮਲ ਕਰਨ ਦੇ ਨਾਲ ਉਨ੍ਹਾਂ ਵਾਸਤੇ ਜੰਗੀ ਪਰਖ ਵਾਲੀ ਘੜੀ ਆ ਗਈ ਹੈ। ਇਸ ਤੋਂ ਪਹਿਲਾਂ ਇਸ ਫੋਰਸ ਦੀ ਕਾਰਜਸ਼ੈਲੀ ਬਾਰੇ ਚਰਚਾ ਕੀਤੀ ਜਾਵੇ, ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਸਦੇ ਪਿਛੋਕੜ 'ਤੇ ਝਾਤ ਮਾਰੀ ਜਾਵੇ।

ਭਾਰਤ ਸਰਕਾਰ ਨੇ ਸੰਨ 1992 ਵਿੱਚ ਮਹਿਲਾ ਵਰਗ ਵਾਸਤੇ 'ਸਪੈਸ਼ਲ ਐਂਟਰੀ ਸਕੀਮ' ਦੇ ਅਧੀਨ ਲੜਾਕੂ ਫੌਜ ਨੂੰ ਸਹਾਇਤਾ ਦੇਂਦੀਆਂ ਸ਼ਾਖਾਵਾਂ ਤੇ ਪ੍ਰਸ਼ਾਸਨ 'ਚ ਮਦਦਗਾਰ ਵਜੋਂ, ਜਿਵੇਂ ਸਿੱਖਿਆ, ਸਪਲਾਈ, ਆਰਡਨੈਂਸ, ਸਿਗਨਲ, ਨਿਆਂ ਪ੍ਰਣਾਲੀ, ਏਅਰ ਡਿਫੈਂਸ ਵਰਗੇ ਵਿਭਾਗਾਂ 'ਚ ਸ਼ਾਰਟ ਸਰਵਿਸ ਕਮਿਸ਼ਨਡ ਅਫਸਰ ਦੇ ਤੌਰ 'ਤੇ ਪੜਾਅਵਾਰ 14 ਸਾਲਾਂ ਵਾਸਤੇ ਭਰਤੀ ਕਰਨਾ ਸ਼ੁਰੂ ਕਰ ਦਿੱਤਾ ਸੀ। ਪਿਛਲੇ ਕੁਝ ਸਮੇਂ ਤੋਂ ਫੌਜ 'ਚ ਔਰਤਾਂ ਦੀ ਭੂਮਿਕਾ ਬਾਰੇ ਬਹਿਸ ਚੱਲ ਰਹੀ ਹੈ। ਵਿਸ਼ੇਸ਼ ਤੌਰ 'ਤੇ ਜਦੋਂ ਸੰਨ 2003 'ਚ ਫੌਜ ਦੀਆਂ ਕੁਝ ਮਹਿਲਾ ਅਫਸਰਾਂ ਇਹ ਮਾਮਲਾ ਹਾਈ ਕੋਰਟ 'ਚ ਲੈ ਗਈਆਂ ਅਤੇ ਕਿਹਾ ਕਿ ਉਨ੍ਹਾਂ ਨੂੰ ਮਰਦ ਅਫਸਰਾਂ ਵਾਂਗ ਸਥਾਈ ਕਮਿਸ਼ਨ ਦਿੱਤਾ ਜਾਵੇ ਅਤੇ ਵਿਤਕਰੇਬਾਜ਼ੀ ਬੰਦ ਹੋਵੇ, ਹਾਈ ਕੋਰਟ ਨੇ ਉਨ੍ਹਾਂ ਦੀ ਦਲੀਲ ਪ੍ਰਵਾਨ ਕਰਕੇ ਕੇਸ ਐਡਮਿਟ ਕਰ ਲਿਆ। ਹਾਈ ਕੋਰਟ ਦੇ ਫੈਸਲੇ ਮਗਰੋਂ ਫੌਜ ਨੇ ਸੰਨ 2012 'ਚ ਸੁਪਰੀਮ ਕੋਰਟ 'ਚ ਐਫੀਡੇਵਿਟ ਪੇਸ਼ ਕਰਕੇ ਕੁਝ ਇੰਝ ਕਿਹਾ, ''ਸਿਧਾਂਤਕ ਤੌਰ 'ਤੇ ਫੌਜ ਅੰਦਰ ਔਰਤਾਂ ਦੀ ਭਾਗੀਦਾਰੀ ਵਾਲੀ ਗੱਲ ਚੰਗੀ ਲੱਗਦੀ ਹੈ ਪਰ ਅਮਲੀ ਰੂਪ 'ਚ ਇਹ ਤਜਰਬਾ ਭਾਰਤੀ ਫੌਜ 'ਚ ਅਜੇ ਸਫਲ ਨਹੀਂ ਹੋ ਸਕਿਆ ਅਤੇ ਸਾਡਾ ਸਮਾਜ ਵੀ ਲੜਾਈ ਦੌਰਾਨ ਔਰਤ ਵਰਗ ਨੂੰ ਜੰਗੀ ਰੂਪ 'ਚ ਪ੍ਰਵਾਨ ਕਰਨ ਲਈ ਤਿਆਰ ਨਹੀਂ।''

ਵਰਨਣ ਯੋਗ ਹੈ ਕਿ 9 ਮਈ 2018 ਨੂੰ ਸਰਕਾਰ ਨੇ ਸੁਪਰੀਮ ਕੋਰਟ ਨੂੰ ਸੂਚਿਤ ਕੀਤਾ ਕਿ ਉਹ ਮਹਿਲਾ ਐਸ ਐਸ ਆਰ ਸੀ ਅਫਸਰਾਂ ਨੂੰ ਪੱਕਾ ਕਮਿਸ਼ਨ ਦੇਣ 'ਤੇ ਵਿਚਾਰ ਕਰ ਰਹੀ ਹੈ। ਫਿਰ 15 ਅਗਸਤ 2018 ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਾਲ ਕਿਲੇ ਦੀ ਫਸੀਲ ਤੋਂ ਐਲਾਨ ਕੀਤਾ ਕਿ ਮਹਿਲਾ ਅਫਸਰਾਂ ਅੱਗੇ ਤੋਂ ਸਿੱਖਿਆ ਤੇ ਲੀਗਲ ਸੇਵਾਵਾਂ ਤੋਂ ਇਲਾਵਾ ਦੂਸਰੇ ਮਹਿਕਮਿਆਂ 'ਚ ਸਥਾਈ ਕਮਿਸ਼ਨ ਲਈ ਅਪਲਾਈ ਕਰ ਸਕਦੀਆਂ ਹਨ। ਸੰਨ 2018 ਵਾਲੇ ਕੈਲੰਡਰ ਦੇ ਆਖਰੀ ਦਿਨਾਂ 'ਚ ਜਨਰਲ ਬਿਪਨ ਰਾਵਤ (ਅੱਜ ਕੱਲ੍ਹ ਚੀਫ ਆਫ ਡਿਫੈਂਸ ਸਟਾਫ) ਨੇ ਇੱਕ ਚੈਨਲ ਨਾਲ ਆਪਣੀ ਇੰਟਰਵਿਊ ਸਮੇਂ 15 ਦਸੰਬਰ ਨੂੰ ਆਰਮੀ 'ਚ ਔਰਤਾਂ ਨੂੰ ਲੜਾਕੂ ਲਸ਼ਕਰ 'ਚ ਸ਼ਾਮਲ ਕਰਨ ਬਾਰੇ ਕੁਝ ਖਦਸ਼ੇ ਜ਼ਾਹਿਰ ਕੀਤੇ ਸਨ। ਫਿਰ 23 ਦਸੰਬਰ ਨੂੰ ਫੌਜੀ ਮਹਿਲਾ ਦੇ ਕਥਿਤ ਛੇੜਖਾਨੀ ਵਾਲੇ ਮਾਮਲੇ 'ਚ ਇੱਕ ਮੇਜਰ ਜਨਰਲ ਰੈਂਕ ਦੇ ਉਚ ਅਧਿਕਾਰੀ ਨੂੰ ਆਰਮੀ ਐਕਟ ਅਧੀਨ ਉਸ ਦਾ ਜਨਰਲ ਕੋਰਟ ਮਾਰਸ਼ਲ ਕਰ ਕੇ ਬਰਖਾਸਤ ਕਰ ਦਿੱਤਾ ਗਿਆ।

ਸੁਪਰੀਮ ਕੋਰਟ 'ਚ ਫੌਜੀ ਵੱਲੋਂ ਬਹਿਸ ਦੌਰਾਨ ਸੀਨੀਅਰ ਵਕੀਲ ਆਰ ਬਾਲਾਸੁਬਰਾਮਣੀਅਨ ਨੇ ਔਰਤਾਂ ਨੂੰ ਪੱਕੇ ਕਮਿਸ਼ਨ ਵਿੱਚ ਅਨੇਕਾਂ ਸਮੱਸਿਆਵਾਂ ਤੇ ਔਕੜਾਂ ਦਾ ਜ਼ਿਕਰ ਕਰ ਕੇ ਦਲੀਲ ਪੇਸ਼ ਕੀਤੀ ਕਿ ਉਨ੍ਹਾਂ ਨੂੰ ਗਰਭ ਅਵਸਥਾ, ਸਤਨ-ਪਾਨ, ਬੱਚਿਆਂ ਦਾ ਪਾਲਣ-ਪੋਸ਼ਣ, ਪਰਵਾਰਕ ਜ਼ਿੰਮੇਵਾਰੀਆਂ, ਮਰਦਾਂ ਦੇ ਮੁਕਾਬਲੇ ਸਰੀਰਕ ਸਮਰੱਥਾ ਦੀ ਘਾਟ, ਭੌਤਿਕ ਵਿਭਿੰਨਤਾ ਵਰਗੇ ਪਹਿਲੂਆਂ ਦੇ ਸਦਕਾ ਲੜਾਕੂ ਲਸ਼ਕਰ ਦੀ ਕਮਾਂਡ ਸਮੇਂ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਸਟਿਸ ਧਨੰਜੈ ਵਾਈ ਚੰਦਰਚੂੜਾ ਤੇ ਅਜੇ ਰਸਤੋਗੀ ਦੇ ਬੈਂਚ ਨੇ ਸਰਕਾਰ ਦੀ ਇਸ ਦਲੀਲ ਨੂੰ ਪ੍ਰੇਸ਼ਾਨ ਕਰਨ ਵਾਲੀ ਤੇ ਬਰਾਬਰੀ ਦੇ ਸਿਧਾਂਤ ਦੇ ਉਲਟ ਕਿਹਾ। ਬੈਂਚ ਨੇ 17 ਸਾਲ ਵਾਲੀ ਕਾਨੂੰਨੀ ਲੜਾਈ ਪਿੱਛੋਂ 17 ਮਾਰਚ 2020 ਨੂੰ ਭੇਦਭਾਵ ਨੂੰ ਖ਼ਤਮ ਕਰਨ ਦੇ ਪੱਖ ਤੋਂ ਫੌਜਾਂ ਵਿੱਚ ਸਥਾਈ ਕਮਿਸ਼ਨ ਦੇਣ ਦੇ ਨਾਲ ਕਮਾਂਡ ਸੰਭਾਲਣ ਦਾ ਰਾਹ ਪੱਧਰਾ ਕਰ ਕੇ ਸਰਕਾਰ ਨੂੰ ਨਿਰਦੇਸ਼ ਦਿੱਤਾ ਕਿ ਉਹ ਤਿੰਨ ਮਹੀਨਿਆਂ ਅੰਦਰ ਫੈਸਲੇ ਨੂੰ ਲਾਗੂ ਕਰੇ। ਕੋਵਿਡ-19 ਦੇ ਕਹਿਰ ਕਾਰਨ ਸੁਪਰੀਮ ਕੋਰਟ ਨੇ ਚਾਰ ਅਗਸਤ ਨੂੰ ਸਰਕਾਰ ਨੂੰ ਆਦੇਸ਼ ਜਾਰੀ ਕੀਤਾ ਕਿ ਜਦੋਂ ਤੱਕ 17 ਮਾਰਚ ਦੇ ਇਸ ਫੈਸਲੇ 'ਤੇ ਕਾਰਵਾਈ ਨਹੀਂ ਹੁੰਦੀ, ਉਸ ਸਮੇਂ ਤੱਕ ਐਸ ਐਸ ਆਰ ਸੀ ਅਫਸਰਾਂ ਨੂੰ ਸੇਵਾਮੁਕਤ ਨਾ ਕੀਤਾ ਜਾਵੇ।

ਇਥੇ ਇਹ ਵੀ ਦੱਸਣਾ ਠੀਖ ਹੋਵੇਗਾ ਕਿ ਬੀਤੇ ਸਾਲ ਫੌਜ ਨੇ ਕੋਰ ਆਫ ਮਿਲਟਰੀ ਪੁਲਸ (ਸੀ ਐਮ ਪੀ) 'ਚ 50 ਮਹਿਲਾ ਜਵਾਨਾਂ ਦੀ ਭਰਤੀ ਕੀਤੀ ਹੈ ਅਤੇ ਉਹ ਸਿਖਲਾਈ ਅਧੀਨ ਹਨ, ਜਿਸ ਦੀ ਗਿਣਤੀ ਹਰ ਸਾਲ ਵਧਦੀ ਜਾਵੇਗੀ। ਨੇਵੀ ਤੇ ਏਅਰਫੋਰਸ 'ਚ ਸਥਾਈ ਕਮਿਸ਼ਨ ਤੇ ਫਾਈਟਰ ਪਾਇਲਟ ਭਰਤੀ ਕਰਨ ਵਾਲੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ ਕਿਉਂਕਿ ਉਥੇ ਨਿੱਜੀ ਤੌਰ 'ਤੇ ਲਾਗੂ ਕਰਨਾ ਮੁਸ਼ਕਲ ਨਹੀਂ।

ਭਾਰਤੀ ਫੌਜ ਨੇ 30 ਮਹਿਲਾ ਫੌਜੀਆਂ ਦੀ ਪਲਟੂਨ, ਜਿਸ ਦੀ ਅਗਵਾਈ ਆਰਮੀ ਸਰਵਿਸ ਕੋਰ (ਏ ਐਸ ਸੀ) ਦੀ ਕੈਪਟਨ ਗੁਰਸਿਮਰਨ ਕੌਰ ਕਰ ਰਹੀ ਹੈ, ਨੂੰ ਪਹਿਲੀ ਵਾਰ ਪਾਕਿਸਤਾਨ ਨਾਲ ਲੱਗਦੀ ਐਲ ਓ ਸੀ ਨੇੜੇ ਅੰਦਰੂਨੀ ਸੁਰੱਖਿਆ ਅਤੇ ਲੁਕਵੀਂ ਜੰਗ ਵਿੱਚ ਭਾਗ ਲੈਣ ਲਈ ਤਾਇਨਾਤ ਕੀਤਾ ਹੈ। ਅਸਲ 'ਚ ਇਹ ਨਫਰੀ ਏ ਆਰ ਦੀ ਪਲਟਨ ਦਾ ਇੱਕ ਹਿੱਸਾ ਹੈ, ਜਿੱਥੇ ਮਹਿਲਾਵਾਂ ਦੀ ਭਰਤੀ ਉਪਰੰਤ ਉਨ੍ਹਾਂ ਦੀ ਮੁੱਢਲੀ ਸਿਖਲਾਈ ਤੇ ਅਨੁਕੂਲਨ, ਹੈਡਕੁਆਰਟਰ ਡਾਇਰੈਕਟਰ ਜਨਰਲ (ਡੀ ਜੀ ਏ ਆਰ) ਵੱਲੋਂ 16 ਅਪ੍ਰੈਲ 2012 ਨੂੰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਕੀਤਾ ਜਾਂਦਾ ਹੈ। ਏ ਆਰ ਦੇ ਮਹਿਲਾ ਵਿੰਗ ਨੂੰ ਬਹੁਤਾ ਕਰ ਕੇ ਅੰਦਰੂਨੀ ਸੁਰੱਖਿਆ ਲਈ ਵਰਤਿਆ ਜਾਂਦਾ ਹੈ ਜਿਵੇਂ ਮਹਿਲਾ ਸੰਘਰਸ਼ ਕਰਤਾਵਾਂ ਦੇ ਇਕੱਠ ਨੂੰ ਤਿੱਤਰ-ਬਿੱਤਰ ਕਰਨਾ, ਭੀੜ ਦੀ ਘੇਰਾਬੰਦੀ ਕਰਨੀ, ਬਾਗੀਆਂ ਨੂੰ ਹਿਰਾਸਤ 'ਚ ਲੈ ਕੇ ਉਨ੍ਹਾਂ ਦੀ ਤਫਤੀਸ਼ ਕਰਨੀ, ਆਮ ਆਵਾਜਾਈ ਵਾਸਤੇ ਰਸਤਾ ਖੋਲ੍ਹਣਾ, ਮੁਸੀਬਤ 'ਚ ਘਿਰੇ ਲੋਕਾਂ ਦੀ ਸਹਾਇਤਾ ਕਰਨੀ, ਕੁਦਰਤੀ ਆਫਤ ਸਮੇਂ ਕਾਰਡ ਤੇ ਕੁਝ ਹੋਰ ਜ਼ਿੰਮੇਵਾਰੀਆਂ ਵੀ ਸੌਂਪੀਆਂ ਜਾਂਦੀਆਂ ਹਨ ਤੇ ਆਪ੍ਰੇਸ਼ਨ ਦੌਰਾਨ ਦੋ ਮਹਿਲਾਵਾਂ ਦੀ ਜੋੜੀ 'ਚ ਤਾਇਨਾਤ ਕੀਤਾ ਜਾਂਦਾ ਹੈ। ਇਸ ਕਿਸਮ ਦੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਵਾਸਤੇ ਲੋਕਲ ਭਾਸ਼ਾ, ਡਿਊਟੀ ਵਾਲੇ ਇਲਾਕੇ ਦੀ ਸੱਭਿਅਤਾ ਤੇ ਉਥੋਂ ਦੇ ਲੋਕਾਂ ਦੀ ਆਸਥਾ, ਸਮਾਜਿਕ ਤੇ ਧਾਰਮਿਕ ਰਸਮਾਂ ਬਾਰੇ ਗਿਆਨ ਹੋਣਾ ਜ਼ਰੂਰੀ ਹੁੰਦਾ ਹੈ ਜੋ ਕਿ ਏ ਆਰ ਫੋਰਸ ਵਾਸਤੇ ਉਤਰੀ-ਪੂਰਬੀ ਰਾਜਾਂ ਵਿੱਚ ਜ਼ਰੂਰ ਸੰਭਵ ਹੋਵੇਗਾ ਪਰ ਕੀ ਇਨ੍ਹਾਂ ਮਹਿਲਾਵਾਂ ਨੂੰ ਉਰਦੂ ਭਾਸ਼ਾ ਤੇ ਇਸ ਕਿਸਮ ਦੀ ਸਿਖਲਾਈ ਦਿੱਤੀ ਗਈ ਹੈ, ਮੈਨੂੰ ਸ਼ੱਕ ਹੈ?

ਮਹਿਲਾ ਫੌਜੀਆਂ ਨੂੰ ਜੰਗ ਦੇ ਮੈਦਾਨ 'ਚ ਉਤਾਰਨ ਬਾਰੇ ਅਖ਼ਬਾਰਾਂ 'ਚ ਇੱਕ ਸੁਝਾਅ ਇੰਝ ਦਰਜ ਕੀਤਾ ਗਿਆ ਸੀ, ''ਜਦੋਂ ਕਦੇ ਫੌਜ ਦੇ ਮੁਖੀ ਅਤੇ ਸਰਕਾਰ ਔਰਤਾਂ ਨੂੰ ਲੜਾਕੂ ਲਸ਼ਕਰ 'ਚ ਸ਼ਾਮਲ ਕਰਨ ਬਾਰੇ ਫੈਸਲਾ ਲੈਂਦੀ ਹੈ ਤਾਂ ਸਭ ਤੋਂ ਪਹਿਲਾਂ ਟਰਾਇਲ ਦੇ ਤੌਰ 'ਤੇ ਸਿਰਫ ਇੱਕ ਵਿਲੱਖਣ ਮਹਿਲਾ ਪਲਟਨ ਹੀ ਖੜ੍ਹੀ ਕੀਤੀ ਜਾਵੇ, ਜਿਸ 'ਚ ਸਾਰੇ ਰੈਂਕ ਮਹਿਲਾ ਵਰਗ ਵਾਸਤੇ ਹੀ ਹੋਣ ਅਤੇ ਇਨ੍ਹਾਂ ਦਾ ਪ੍ਰੀਖਣ ਜੰਮੂ-ਕਸ਼ਮੀਰ 'ਚ ਕੀਤਾ ਜਾਵੇ।'' ਏਦਾਂ ਜਾਪਦਾ ਹੈ ਕਿ ਜਿਵੇਂ ਇਸ ਤੋਂ ਸੁਝਾਅ ਦੀ ਭਿਣਕ ਪੈ ਗਈ ਹੋਵੇ? ਬਾਜ਼ ਵਾਲੀ ਨਜ਼ਰ ਨੇ ਇੰਝ ਵੇਖਿਆ, ''ਇੱਕ ਕੌਮ ਨਾਲ ਸਬੰਧਤ ਲੋਕ ਧਾਰਮਿਕ ਪੱਖ ਤੋਂ ਸੜ ਕੇ ਨਹੀਂ ਮਰਨਾ ਚਾਹੁੰਦੇ। ਦੂਸਰਾ ਪਹਿਲੂ ਇਹ ਹੈ ਕਿ ਇਸ ਕਿਸਮ ਦੇ ਲੜਾਕੂ ਜੰਗ ਦੌਰਾਨ ਜਾਂ ਲੁਕਵੀਂ ਜੰਗ ਸਮੇਂ ਮਹਿਸੂਸ ਕਰਦੇ ਹਨ ਕਿ ਜੇ ਉਹ ਔਰਤ ਨੂੰ ਗੋਲੀ ਨਾਲ ਮਾਰਨਗੇ ਤਾਂ ਉਨ੍ਹਾਂ ਨੂੰ 'ਹੂਰਾਂ' ਨਸੀਬ ਨਹੀਂ ਹੋਣਗੀਆਂ। ਇਸ ਵਾਸਤੇ ਨਿਰੋਲ ਮਹਿਲਾ ਪਲਟਨ ਵਿਸ਼ੇਸ਼ ਤੌਰ 'ਤੇ ਜੰਮੂ-ਕਸ਼ਮੀਰ 'ਚ ਕਾਰਗਰ ਸਿੱਧ ਹੋਵੇਗੀ।''

ਅਸੀਂ ਮਹਿਸੂਸ ਕਰਦੇ ਹਾਂ ਕਿ ਫੌਜੀ ਔਰਤਾਂ ਨੂੰ ਪਾਕਿਸਤਾਨ ਦੀ ਸਰਪ੍ਰਸਤੀ ਵਾਲੇ ਅੱਤਵਾਦ ਨਾਲ ਜੰਗ ਦੇ ਦੌਰਾਨ ਸਫਲਤਾ ਤੇ ਤਜਰਬਾ ਮਿਲੇਗਾ। ਔਰਤਾਂ ਨੂੰ ਲੁਕਵੀਂ ਜੰਗ 'ਚ ਸ਼ਾਮਲ ਕਰਨ ਨਾਲ ਬਹੁਤ ਕੁਝ ਸਿੱਖਣ ਨੂੰ ਮਿਲੇਗਾ।

## ਮਿੰਨੀ ਕਹਾਣੀ

### ਇੱਕ ਅਲੱਗ ਰੰਗ

-ਅੰਮ੍ਰਿਤ ਬਰਨਾਲਵੀ

ਅਸ਼ੋਕ ਅਤੇ ਉਸ ਦੀ ਘਰ ਵਾਲੀ ਕਮਰੇ ਦੇ ਅੱਗੇ ਬੈਠੇ ਗੱਲਬਾਤ ਕਰ ਰਹੇ ਸਨ। ''ਨਿਰਮਲਾ, ਸਾਰੇ ਦੇਸ਼ ਵਿੱਚ ਕੋਰੋਨਾ ਦੀ ਬਿਮਾਰੀ ਫੈਲਦੀ ਜਾ ਰਹੀ ਹੈ'', ਅਸ਼ੋਕ ਬੋਲਿਆ।

''ਹਾਂ, ਸੁਨੀਲ ਦੇ ਪਾਪਾ। ਪਹਿਲਾਂ ਤਾਂ ਇਸ ਦਾ ਪ੍ਰਭਾਵ ਕਿਸੇ ਨੂੰ ਸਮਝ ਹੀ ਨਹੀਂ ਆਇਆ, ਪਰ ਹੌਲੀ-ਹੌਲੀ ਇਹ ਬਿਮਾਰੀ ਤਾਂ ਨੌਕਰੀਆਂ ਵੀ ਖਾਣ ਲੱਗ ਗਈ'', ਨਿਰਮਲਾ ਨੇ ਜਵਾਬ ਦਿੱਤਾ।

ਅਸ਼ੋਕ ਮਕੈਨਿਕ ਦੇ ਪੜ੍ਹੇ-ਲਿਖੇ ਲੜਕੇ ਦੀ ਨੌਕਰੀ ਵੀ ਲੰਬੇ ਲਾਕਡਾਊਨ ਦੀ ਭੇਂਟ ਚੜ੍ਹ ਗਈ ਸੀ। ਅਸ਼ੋਕ ਆਪਣੀ ਘਰ ਵਾਲੀ ਨਾਲ ਸਲਾਹ-ਮਸ਼ਵਰਾ ਕਰਨ ਲੱਗਾ। ''ਸੁਨੀਲ ਘਰ ਖਾਲੀ ਬੈਠਾ ਰਹਿੰਦਾ ਹੈ। ਉਸ ਨੂੰ ਕਹੋ ਕਿ ਵਰਕਸ਼ਾਪ ਆ ਜਾਇਆ ਕਰੇਗਾ। ਹੇਠਾਂ ਉਤਰਦੇ ਹੋਏ ਕੀ ਉਸ ਨੂੰ ਡਰ ਲੱਗਦਾ ਹੈ?''

ਨਿਰਮਲਾ ਦੇ ਪਤੀ ਨੂੰ ਸਮਝਾਇਆ, ''ਨੌਜਵਾਨ ਲੜਕਾ ਹੈ। ਤਾਜ਼ੀ-ਤਾਜ਼ੀ ਨੌਕਰੀ ਗਈ ਹੈ। ਅਜੇ ਉਸ 'ਤੇ ਕੰਮ ਦਾ ਦਬਾਅ ਪਾਉਣਾ ਚੰਗਾ ਨਹੀਂ। ਕੁਝ ਦਿਨ ਦੇਖ ਲਓ।''

ਅਸ਼ੋਕ ਆਪਣੇ ਸਮੇਂ ਨੂੰ ਯਾਦ ਕਰਦੇ-ਕਰਦੇ ਹੇਠਾਂ ਵਰਕਸ਼ਾਪ ਵਿੱਚ ਉਤਰ ਆਇਆ ਕਿ ਕਿਸ ਤਰ੍ਹਾਂ ਉਸ ਦੇ ਸਮੇਂ ਵਿੱਚ ਪਿਤਾ ਜੀ ਥੱਪੜ ਮਾਰ-ਮਾਰ ਕੇ ਕੰਮ ਕਰਵਾਉਂਦੇ ਸਨ।

ਦੂਜੇ ਪਾਸੇ ਲਾਕਡਾਊਨ ਵਧਦਾ ਚਲਾ ਗਿਆ ਤਾਂ ਸੁਨੀਲ ਉਪਰ ਬੈਠਾ-ਬੈਠਾ ਅੱਕ ਗਿਆ। ਫਿਰ ਉਹ ਖੁਦ ਹੀ ਹੇਠਾਂ ਵਰਕਸ਼ਾਪ ਵਿੱਚ ਜਾ ਕੇ ਬੈਠਣ ਲੱਗਾ। ਕਰਫਿਊ ਦੇ ਕਾਰਨ ਕਾਮੇ ਛੁੱਟੀ 'ਤੇ ਸਨ। ਸ਼ੁਰੂ-ਸ਼ੁਰੂ ਵਿੱਚ ਉਹ ਆਪਣੇ ਪਿਤਾ ਨੂੰ ਇਕੱਲੇ ਮਸ਼ੀਨ 'ਤੇ ਕੰਮ ਕਰਦੇ ਦੇਖਦਾ, ਫਿਰ ਹੌਲੀ-ਹੌਲੀ ਮਦਦ ਕਰਨ ਲੱਗਾ। ਪੜ੍ਹਿਆ ਲਿਖਿਆ ਸੀ, ਜਲਦੀ ਮਸ਼ੀਨਾਂ ਦੇ ਬਾਰੇ ਸਿਖ ਗਿਆ। ਇੰਟਰਨੈੱਟ ਤੋਂ ਨਵੇਂ-ਨਵੇਂ ਢੰਗ ਸਿਖ ਲਏ। ਸੋਚਣ ਲੱਗਾ ਕਿ ਕਿੱਥੇ ਉਹ ਪੰਜ ਹਜ਼ਾਰ ਦੀ ਨੌਕਰੀ ਦੇ ਪਿੱਛੇ ਸਾਰਾ ਦਿਨ ਗਵਾ ਦਿੰਦਾ ਸੀ।

ਅੱਜ ਉਸ ਨੇ ਕੰਮ ਦਾ ਆਨਲਾਈਨ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਕੁਝ ਦਿਨ ਵਿੱਚ ਉਸ ਦੇ ਆਰਡਰ ਦੀ ਬੁਕਿੰਗ ਸ਼ੁਰੂ ਹੋ ਗਈ। ਲੜਕੇ ਨੂੰ ਕੰਮ ਵਿੱਚ ਜੀਅ ਲਾਉਂਦੇ ਅਤੇ ਤਰੱਕੀ ਕਰਦੇ ਦੇਖ ਬਾਪ ਦਾ ਸੀਨਾ ਚੌੜਾ ਹੋ ਗਿਆ। ਜਦ ਹੌਲੀ-ਹੌਲੀ ਲਾਕਡਾਊਨ ਵਿੱਚ ਛੂਟ ਮਿਲਣ ਲੱਗੀ ਤਾਂ ਨਿਰਮਲਾ ਇੱਕ ਦਿਨ ਅਸ਼ੋਕ ਨੂੰ ਬੋਲੀ, ''ਇਸ ਮਹਾਮਾਰੀ ਨੇ ਦੁਨੀਆ ਦੇ ਅਲੱਗ-ਅਲੱਗ ਰੰਗ ਹੀ ਦਿਖਾ ਦਿੱਤੇ ਹਨ।''

''ਹਾਂ ਨਿਰਮਲਾ, ਇੱਕ ਰੰਗ ਜਨਮ-ਮੌਤ ਦਾ ਮੈਂ ਵੀ ਦੇਖਿਆ।''


''ਉਹ ਕਿਹੜਾ ਭਲਾ?'' ਨਿਰਮਲਾ ਹੈਰਾਨੀ ਨਾਲ ਬੋਲੀ।

ਦੀਵਾਰ ਦੇ ਨਾਲ ਆਰਾਮ ਨਾਲ ਆਪਣੀ ਪਿੱਠ ਲਾਉਂਦੇ ਹੋਏ ਸੁਨੀਲ ਦੀ ਫੋਟੋ ਵੱਲ ਦੇਖਦੇ ਹੋਏ ਅਸ਼ੋਕ ਬੋਲਿਆ, ''ਇੱਕ ਨੌਕਰ ਦੇ ਮਰਨ ਦਾ ਅਤੇ ਇੱਕ ਮਾਲਕ ਦੇ ਜਨਮ ਲੈਣ ਦਾ।''


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


# ਪੰਜਾਬੀ ਰਿਸ਼ਤਿਆਂ ਵਿੱਚ ਨਨਾਣ ਦਾ ਸਥਾਨ

-ਡਾਕਟਰ ਇਕਬਾਲ ਕੌਰ

ਪੰਜਾਬੀ ਸਮਾਜ ਦੀ ਰਿਸ਼ਤਾ ਨਾਤਾ ਪ੍ਰਣਾਲੀ ਵਿੱਚ ਮਾਂ-ਪਿਓ ਜਾਈ ਭੈਣ ਦਾ ਆਪਣੇ ਵੀਰ ਨਾਲ ਨਿੱਘ ਪਿਆਰ ਵਾਲਾ ਰਿਸ਼ਤਾ ਹੁੰਦਾ ਹੈ। ਭੈਣ ਆਪਣੇ ਵੀਰ ਨੂੰ ਸਾਰੀ ਉਮਰ ਦੇ ਮਾਪੇ ਮੰਨਦੀ ਹੈ। ਡਾਕਟਰ ਜੀਤ ਸਿੰਘ ਜੋਸ਼ੀ ਦੇ ਸ਼ਬਦਾਂ ਵਿੱਚ ਭੈਣ ਭਰਾ ਦਾ ਰਿਸ਼ਤਾ ਮਾਨਸਿਕ ਅਤੇ ਸਮਾਜਕ ਪੱਖ ਤੋਂ ਸ਼੍ਰੋਮਣੀ ਹੈ। ਉਹ ਨਿੱਕੇ ਵੀਰ ਨੂੰ ਲਡਾਉਂਦੀ ਖਿਡਾਉਂਦੀ ਉਸ ਦੀ ਰੱਖਿਅਕ ਹੁੰਦੀ ਹੈ। ਕਿੱਕਲੀ, ਟੱਪਿਆਂ, ਘੋੜੀਆਂ ਤੇ ਗਿੱਧੇ ਦੀਆਂ ਬੋਲੀਆਂ ਵਿੱਚ ਵੀਰ ਦਾ ਜੱਸ ਵੀ ਗਾਉਂਦੀ ਹੈ। ਨਿੱਕੀਆਂ ਬਾਲੜੀਆਂ ਨੱਚਦੀਆਂ ਹਨ :

ਸਾਡੇ ਵੀਰ ਦਾ ਵਿਆਹ,
ਸਾਨੂੰ ਗੋਡੇ ਗੋਡੇ ਚਾਅ।
ਸਾਡੇ ਵੀਰ ਦਾ...

ਰੱਖੜੀ ਵਿੱਚ ਭੈਣਾਂ ਵੀਰਾਂ ਲਈ ਅਸੀਸਾਂ, ਰੀਝਾਂ ਗੁੰਦਦੀਆਂ ਹਨ। ਵੀਰ ਦੀ ਬੰਨ੍ਹੋ ਦਾ ਵੀ ਭੈਣਾਂ ਨੂੰ ਉਮੜਦਾ ਚਾਅ ਹੁੰਦਾ ਹੈ :

ਵੀਰ ਮੇਰਾ ਪੱਟ ਦਾ ਲੱਛਾ
ਭਾਬੋ ਸੋਨੇ ਦੀ ਝੁਲਦੀ ਆਵੇ।

ਘਰ ਆਏ ਵੀਰ ਨਾਲ ਸੱਸ ਦਾ ਰੁੱਖਾ ਵਰਤਾਰਾ ਭੈਣ ਦੀ ਰੂਹ ਨੂੰ ਜ਼ਖਮੀ ਕਰ ਦਿੰਦਾ ਹੈ। ਉਸ ਦਾ ਸ਼ੀਹਣੀ ਰੂਪ ਪ੍ਰਤੱਖ ਹੁੰਦਾ ਹੈ :

ਸੁਣ ਨੀ ਸੱਸੇ ਹੈਂਸਿਆਰੀਏ!
ਤੈਨੂੰ ਮੈਂ ਸਮਝਾਵਾਂ।
ਜਿਹੜਾ ਤੇਰਾ ਲੀਰ-ਪਰਾਂਦਾ,
ਫੂਕ ਕੇ ਅੱਗ ਮੈਂ ਲਾਵਾਂ।
ਜਿਹੜੀ ਤੇਰੀ ਸੇਰ ਪੰਜੀਰੀ
ਵਿਹੜੇ ਵਿੱਚ ਖਿੰਡਾਵਾਂ।
ਗਾਲ੍ਹ ਭਰਾਵਾਂ ਦੀ
ਮੈਂ ਨਾ ਸੱਸੜੀਏ ਖਾਵਾਂ
ਗਾਲ੍ਹ ਭਰਾਵਾਂ ਦੀ...

ਵਿਆਹ ਸਮੇਂ ਵੀਰ ਦੀ ਘੋੜੀ ਦੀ ਵਾਗ ਭੈਣ ਗੁੰਦਦੀ ਹੈ। ਮੇਲਣਾ ਇਸ ਰਸਮ ਸੰਬੰਧੀ ਚਾਅ ਵਿੱਚ ਖੀਵੀਆਂ ਹੋ ਕੇ ਗਾਉਂਦੀਆਂ ਹਨ। ਭੈਣ ਵੱਲੋਂ ਵੀਰ ਨੂੰ ਤੋਰਨ ਦੀ ਰਸਮ ਬਾਰੇ ਵਿਦਵਾਨਾਂ ਨੇ ਕਬੀਲਾਗਤ ਸਮਾਜ ਦੇ ਸੰਦਰਭ ਵਿੱਚ ਵੱਖਰਾ ਮੱਤ ਪੇਸ਼ ਕੀਤਾ ਹੈ ਤੇ ਇਸ ਰਸਮ ਨੂੰ, ਭਰਾ ਨੂੰ ਘੋੜੀ 'ਤੇ ਚਾੜ੍ਹਨ ਵਜੋਂ ਨਾਰੀ ਮਨ ਦੇ ਮਨੋਭਾਵਾਂ ਦੀ ਰੋਸ਼ਨੀ ਵਿੱਚ ਪ੍ਰਗਟ ਕੀਤਾ ਹੈ। ਇਸ ਤੱਥ ਬਾਰੇ ਭਵਿੱਖ ਵਿੱਚ ਹੋਰ ਖੋਜ ਦੀ ਲੋੜ ਹੈ।

ਨਨਾਣ ਭਰਜਾਈ ਦੇ ਪਰਸਪਰ ਪਿਆਰ ਵਿੱਚ ਸਮਾਂ ਬੀਤਣ ਨਾਲ ਖਿੱਚ ਅਤੇ ਚਾਅ ਮੱਧਮ ਪੈ ਜਾਂਦੇ ਹਨ। ਭਾਬੀ ਪ੍ਰਧਾਨ ਬਣਨ ਬਾਰੇ ਸੋਚਦੀ ਹੈ। ਨਨਾਣ ਨੂੰ ਆਪਣੇ ਵੀਰੇ ਅਤੇ ਮਾਪਿਆਂ ਕਰ ਕੇ ਇਸ ਘਰ ਨਾਲ ਮਨੋਂ ਪਿਆਰ ਤੇ ਧਿਆਨ ਰਹਿੰਦਾ ਹੈ। ਭਾਬੀ ਨੂੰ ਕੁਆਰੀ ਨਨਾਣ, ਉਸ ਦੀ ਖੁੱਲ੍ਹ ਵਿੱਚ ਵਾਧੂ ਦਖਲ ਜਾਪਦੀ ਹੈ। ਵਿਆਹੀ ਨਨਾਣ ਦੀਆਂ ਨਸੀਹਤਾਂ ਹਰਗਿਜ਼ ਪ੍ਰਵਾਨ ਨਹੀਂ ਹੁੰਦੀਆਂ, ਜਦ ਕਿ ਧੀਆਂ ਨੂੰ ਡੁੱਲ੍ਹੇ ਵਿਗੜੇ ਅਤੇ ਨਿਯਮ ਬੱਧਤਾ ਵਿੱਚ ਪੇਕੇ ਘਰ ਦਾ ਭਲਾ ਜਾਪਦਾ ਹੈ। ਮਨਮੁਟਾਅ ਦੀ ਸਥਿਤੀ ਬਣ ਜਾਂਦੀ ਹੈ। ਚਾਅ ਮੱਠੇ ਪੈ ਜਾਂਦੇ ਹਨ। ਨਨਾਣ ਭਰਜਾਈ ਦੀ ਰਾਜ਼ਦਾਰ ਧਿਰ ਵੀ ਹੁੰਦੀ ਹੈ। ਫਿਰ ਵੀ ਇਹ ਰਿਸ਼ਤਾ ਸੁਖਾਵੀਂ ਪ੍ਰਕਿਰਤੀ ਵਿੱਚ ਨਹੀਂ ਬਦਲਦਾ। ਭਰਜਾਈ, ਪਤੀ ਦੀਆਂ ਭੈਣਾਂ ਨਾਲ ਜਜ਼ਬਾਤੀ ਸਾਂਝ ਨਹੀਂ ਬਣਾਉਂਦੀ। ਉਸ ਦੇ ਮਨ ਵਿੱਚ ਲੰਬਾ ਸਮਾਂ ਪੇਕੇ ਘਰ ਦੇ ਰਿਸ਼ਤੇ ਵੱਸਦੇ ਰਹਿੰਦੇ ਹਨ। ਸਹੁਰੇ ਘਰ ਵਿੱਚ ਇਕੱਲ ਮਾਨਣ ਦੀ ਰੁਚੀ ਤੇ ਅੰਤਰਗਤ ਤੋਹਮਤੀ ਅੰਦਾਜ਼ ਵੀ ਪ੍ਰਗਟ ਹੋ ਜਾਂਦਾ ਹੈ। ਨਨਾਣਾਂ ਦੀ ਹੋਂਦ ਸੁਖਾਵੀਂ ਨਹੀਂ ਭਾਸਦੀ :

ਪਿਛਲੇ ਅੰਦਰ ਮੈਂ ਪੋਚਾ ਫੇਰਾਂ,
ਵਿੱਚੋਂ ਨਿੱਕਲੀ ਗੁੱਡੀ।
ਨਨਾਣਾਂ, ਸਹੁਰੇ ਤੋਰ ਕੇ,
ਭਰਜਾਈਆਂ ਪਾਈ ਲੁੱਡੀ।
ਨਨਾਣਾਂ ਸਹੁਰੇ...
****
ਨਣਦੇ ਜਾਹ ਸਹੁਰੇ,
ਭਾਵੇਂ ਲੈ ਜਾਹ ਕੰਨਾਂ ਦੇ ਵਾਲੇ।
ਨਣਦੇ ਜਾਹ...
****
ਭੰਨਤਾ ਚੱਕੀ ਦਾ ਹੱਥੜਾ
ਨੀਂ ਨਣਦ ਵਛੇਰੀ ਨੇ। ਭੰਨ ਤਾ...
****
ਬੀਬੀ ਨਨਾਣੇ! ਤੂੰ ਸਹੁਰੇ ਕਿਉਂ
ਨਹੀਂ ਜਾਂਦੀ।
ਬੀਬੀ ਨਨਾਣੇ...
****
ਮੰਜੀ ਵੀਰ ਦੇ ਕੋਲ ਨਾ ਡਾਹੀਏ,
ਨੀ ਨਣਦੇ ਬੇਅਕਲੇ।
ਮੰਜੀ ਵੀਰ ਦੇ...

ਭਰਜਾਈ ਦੀ ਇੱਛਾ ਹੁੰਦੀ ਹੈ ਉਸ ਦੇ ਪਤੀ ਦਾ ਸਾਰਾ ਧਿਆਨ ਉਸ ਉੱਤੇ ਕੇਂਦਰਿਤ ਰਹੇ, ਹੋਰ ਕੋਈ ਭਾਗੀਦਾਰ ਨਾ ਬਣੇ। ਰਿਸ਼ਤਾ ਪ੍ਰਬੰਧ ਵਿੱਚ ਮਾਮੇ ਭਣੇਵੇਂ ਦੇ ਰਿਸ਼ਤੇ ਵਿੱਚ ਸਿਰਫ਼-ਜਿਆ ਲੋਕ ਵਿਸ਼ਵਾਸ ਇਸ ਸੋਚ ਵਿੱਚੋਂ ਉਪਜਿਆ ਹੈ। ਲੰਬਾ ਸਮਾਂ ਇਸ ਭਰਮ ਦੀ ਪਾਲਣਾ ਹੁੰਦੀ ਰਹੀ ਹੈ: 'ਮਾਮਾ-ਭਣੇਵਾਂ ਇਕੱਠੇ ਸੌਣ ਤਾਂ ਉਥੇ ਅਸਮਾਨੀ ਬਿਜਲੀ ਡਿੱਗਦੀ ਹੈ।' 'ਦੋਹਤਰਾ, ਕਦੇ ਮਿੱਤ ਨਹੀਂ ਬਣਦਾ।' ਕਥਨ ਵੀ ਇਸ ਰਿਸ਼ਤੇ ਵਿੱਚ ਵਿੱਥ ਵੱਲ ਸੇਧਿਤ ਹੈ।

ਲੋਕ ਮਨ ਇਨ੍ਹਾਂ ਵਿਗਾੜਾਂ ਅਤੇ ਨਾਂਹ-ਵਾਚੀ ਰੁਚੀਆਂ ਨੂੰ ਸੋਧਣ ਲਈ ਯਤਨਸ਼ੀਲ ਰਿਹਾ ਹੈ ਜਿਵੇਂ ਕਿ ਕਿਹਾ ਜਾਂਦਾ ਹੈ, 'ਦੋਹਤਾ ਚੌਂਕੇ ਬਹੇ ਤਾਂ ਬਰਕਤ ਪੈਂਦੀ ਹੈ।' ਵਿਰੋਧਤਾ ਖ਼ਾਸ ਇਹ ਹੈ ਕਿ ਪਰਵਾਰ ਦੇ ਉਸੇ ਮੈਂਬਰ, ਨੂੰਹ ਦੇ ਪੇਕੇ ਘਰ ਬਤੌਰ ਧੀ, ਭਰਜਾਈ ਦਾ ਉਲਾਰ ਵਰਤਾਰਾ ਹੰਢਾਇਆ ਹੁੰਦਾ ਹੈ, ਪਰ ਸਹੁਰੇ ਘਰ ਵਿੱਚ ਪ੍ਰਵੇਸ਼ ਕਰਦਿਆਂ ਰਿਸ਼ਤਿਆਂ ਦੀ ਮਾਣ ਮਰਿਆਦਾ ਅਤੇ ਮਹੱਤਵ ਦਾ ਸਬਕ ਵਿੱਸਰ ਜਾਂਦਾ ਹੈ।

ਸਮਾਜਕ ਤੇ ਮਨੋਵਿਗਿਆਨਕ ਅਧਿਐਨ ਅਨੁਸਾਰ ਮਨੁੱਖੀ ਰਿਸ਼ਤਿਆਂ ਵਿੱਚ ਨਿਕਟੀ ਪਛਾਣ ਤੇ ਪਰਸਪਰ ਸਾਂਝ, ਮਨੁੱਖੀ ਮਨ ਨੂੰ ਖੇੜਾ ਬਖਸ਼ਦੀ ਹੈ। ਛੋਟੀ ਪਰਵਾਰਕ ਇਕਾਈ ਵਿੱਚ ਸੰਤਾਨ ਦੀ ਸੰਤੁਲਤ ਉਸਾਰੀ ਨਹੀਂ ਹੁੰਦੀ। ਇਤਿਹਾਸ ਦੇ ਪਹਿਲੇ ਪੜਾਵਾਂ 'ਤੇ ਆਰਥਿਕ ਅਤੇ ਸਮਾਜਕ ਪਹਿਲੂਆਂ ਦੀ ਲੋੜ ਕਾਰਨ ਸਾਂਝੇ ਪਰਵਾਰ ਹੁੰਦੇ ਸਨ। ਇਹ ਹਾਲਤ ਅੱਜ ਦੇ ਆਧੁਨਿਕ ਸਮੇਂ ਵਿੱਚ ਸੰਭਵ ਨਹੀਂ। ਔਰਤਾਂ ਮਰਦਾਂ ਦੀ ਸਮਰੱਥਾ, ਲੋੜਾਂ ਅਤੇ ਸਥਿਤੀਆਂ ਪੂਰੀ ਤਰ੍ਹਾਂ ਬਦਲ ਗਈਆਂ ਹਨ। ਫਿਰ ਵੀ ਜਿੱਥੋਂ ਤੱਕ ਸੰਭਵ ਹੋਵੇ ਅਸੀਂ ਆਪ ਚੇਤੇ ਰੱਖੀਏ ਅਤੇ ਅਤੇ ਨਵੀਂ ਪੀੜ੍ਹੀ ਨੂੰ ਉਨ੍ਹਾਂ ਪ੍ਰਤਿਮਾਨਾਂ ਅਤੇ ਕਦਰਾਂ ਕੀਮਤਾਂ ਦੀ ਵਿਰਾਸਤ ਨਾਲ ਜਾਣੂ ਕਰਾਈਏ।

## ਭਾਰਤ ਦੇ ਖਿਲਾਫ ਵਰਤਣ ਲਈ ਪਾਕਿ ਨੂੰ ਚੀਨ ਡਰੋਨ ਦੇਵੇਗਾ

ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਪੂਰਬੀ ਲੱਦਾਖ ਵਿੱਚ ਘੁਸਪੈਠ ਦੀਆਂ ਕੋਸ਼ਿਸ਼ਾਂ 'ਚ ਨਾਕਾਮ ਰਹੇ ਚੀਨ ਨੇ ਇੱਕ ਪਾਸੇ ਤਿੱਬਤ ਦੇ ਉਪਰਲੇ ਹਿੱਸਿਆਂ 'ਤੇ ਤੋਪਾਂ ਤੈਨਾਤ ਕਰ ਦਿੱਤੀਆਂ ਹਨ। ਦੂਜੇ ਪਾਸੇ, ਚੀਨ ਭਾਰਤ ਖਿਲਾਫ ਵਰਤਣ ਲਈ ਪਾਕਿਸਤਾਨ ਨੂੰ ਆਰਮਡ ਡ੍ਰੋਨ ਦੇ ਨਾਲ ਵੱਖ-ਵੱਖ ਹਥਿਆਰ ਦੇ ਰਿਹਾ ਹੈ।

ਖ਼ੁਫੀਆ ਸੂਤਰਾਂ ਦਾ ਕਹਿਣਾ ਹੈ ਕਿ ਪਾਕਿ-ਸਤਾਨ ਨੂੰ ਲੰਬੀ ਦੂਰੀ ਦੇ ਮੱਧਮ ਮਾਰ ਵਾਲੇ ਮਨੁੱਖ ਰਹਿਤ ਜਹਾਜ਼ (ਯੂ ਏ ਵੀ) ਯਾਨੀ ਡਰੋਨ ਦੇ ਰਿਹਾ ਹੈ। ਕਾਈ ਹਾਂਗ-4 (ਸੀ ਐੱਚ 4) ਨਾਂਅ ਦੇ ਡ੍ਰੋਨ ਦੀ ਖੇਪ ਛੇਤੀ ਪਾਕਿਸਤਾਨੀ ਫੌਜ ਦਾ ਹਿੱਸਾ ਹੋਵੇਗੀ। ਪਾਕਿਸਤਾਨ ਇਸ ਨੂੰ ਜੰਮੂ ਤੇ ਕਸ਼ਮੀਰ ਦੀ ਕੰਟਰੋਲ ਰੇਖਾ 'ਤੇ ਤੈਨਾਤ ਕਰਨ ਵਾਲਾ ਹੈ। ਖ਼ੂਫੀਆ ਸੂਤਰਾਂ ਮੁਤਾਬਕ ਬ੍ਰਿਗੇਡੀਅਰ ਮੁਹੰਮਦ ਜ਼ਫਰ ਇਕਬਾਲ ਦੀ ਅਗਵਾਈ 'ਚ ਪਾਕਿਸਤਾਨੀ ਫੌਜ ਦੇ ਦਸ ਮੈਂਬਰ ਇਸ




ਰੱਖਿਆ ਸੌਦੇ ਦੀ ਪ੍ਰਕਿਰਿਆ ਦੀ ਸਮੀਖਿਆ ਕਰਨ ਚੀਨ ਗਏ ਹਨ। ਚੀਨ ਦੀ ਕੰਪਨੀ ਏਅਰੋਸਪੇਸ ਲਾਂਗ ਮਾਰਚ ਇੰਟਰਨੈਸ਼ਨਲ ਟ੍ਰੇਡ ਕੰਪਨੀ (ਏ ਐੱਲ ਆਈ ਟੀ) ਦੀ ਫੈਕਟਰੀ ਵਿੱਚ ਪਾਕਿਸਤਾਨੀ ਟੀਮ ਨੇ ਐਕਵਾਇਰ ਕਰਨ ਲਈ ਪ੍ਰੀਖਣ ਕੀਤਾ ਹੈ। ਦੱਸਿਆ ਜਾਂਦਾ ਹੈ ਕਿ ਇਕਬਾਲ ਪਿਛਲੇ ਸਾਲ ਦਸੰਬਰ 'ਚ ਵੀ ਅਕਸੈਪਟੈਂਸ ਟੈਸਟ ਕਰਨ ਲਈ ਚੀਨ ਗਏ ਸਨ। ਇਨ੍ਹਾਂ ਆਰਮਡ ਡ੍ਰੋਨ ਦੀ ਪਹਿਲੀ ਖੇਪ ਪਾਕਿਸਤਾਨ ਨੂੰ ਚੀਨ ਤੋਂ ਇਸ ਸਾਲ ਮਿਲ ਜਾਵੇਗੀ। ਸੀ ਐੱਚ 4 ਡ੍ਰੋਨ ਇਕੱਠੇ 1200 ਤੋਂ 1300 ਕਿਲੋ ਦਾ ਭਾਰ ਲੈ ਕੇ ਉਡਾਣ ਭਰ ਸਕਦਾ ਹੈ। ਇਹ ਸੈਟੇਲਾਈਟ ਕਮਿਊਨੀਕੇਸ਼ਨ ਨਾਲ ਵੀ ਜੁੜਿਆ ਹੋਇਆ ਹੈ। ਇਹ ਵੱਖ-ਵੱਖ ਤਰ੍ਹਾਂ ਦੇ ਜੰਗੀ ਜੰਤਰਾਂ ਨਾਲ ਵੀ ਲੈੱਸ ਹੈ। ਇਹ ਡ੍ਰੋਨ ਇਸ ਸਮੇਂ ਇਰਾਕੀ ਫੌਜ ਦੇ ਨਾਲ ਰਾਇਲ ਜਾਰਡਨ ਏਅਰਫੋਰਸ ਕੋਲ ਵੀ ਹੈ। ਸੂਤਰਾਂ ਮੁਤਾਬਕ ਪਾਕਿਸਤਾਨ ਸੀ ਐੱਚ-4 ਡ੍ਰੋਨ ਨੂੰ ਜੰਮੂ ਕਸ਼ਮੀਰ ਨਾਲ ਲੱਗਦੀ ਸਰਹੱਦ ਰੱਖੇਗਾ, ਤਾਂ ਜੋ ਭਾਰਤ ਵਿੱਚ ਗੜਬੜੀ ਕਰ ਸਕੇ। ਅਜਿਹਾ ਕਰਨਲ ਈ ਚੀਨ ਪਾਕਿਸਤਾਨ ਦੀ ਖੁੱਲ੍ਹ ਕੇ ਮਦਦ ਕਰ ਰਿਹਾ ਹੈ। ਭਾਰਤ ਨਾਲ ਤਣਾਅ ਤੋਂ ਬਾਅਦ ਚੀਨ ਪਾਕਿਸਤਾਨ ਰਸਤੇ ਭਾਰਤ ਨੂੰ ਪ੍ਰੇਸ਼ਾਨ ਕਰ ਰਿਹਾ ਹੈ।

## ਕੋਰਟ ਨੇ ਪੁੱਛਿਆ; ਏ ਜੀ ਆਰ ਬਕਾਏ ਦੇ ਘੇਰੇ ਵਿੱਚ ਰਿਲਾਇੰਸ ਜੀਓ ਕਿਉਂ ਨਹੀਂ

ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਸਰਕਾਰ ਤੋਂ ਪੁੱਛਿਆ ਹੈ ਕਿ ਰਿਲ-ਾਇੰਸ ਜੀਓ ਨੂੰ ਐਡਜਸਟਿਡ ਗ੍ਰਾਸ ਰੈਵੇਨਿਊ (ਏ ਜੀ ਆਰ) ਦੇ ਭੁਗਤਾਨ ਕੇਸ ਵਿੱਚ ਕਿਉਂ ਸ਼ਾਮਲ ਨਹੀਂ ਕੀਤਾ ਗਿਆ। ਕੋਰਟ ਨੇ ਕਿਹਾ ਹੈ ਕਿ ਰਿਲਾਇੰਸ ਕਮਿਊਨੀਕੇਸ਼ਨਜ਼ (ਆਰ ਕਾਮ) ਦੇ ਸਪੈਕਟ੍ਰਮ ਦੀ ਵਰਤੋਂ ਕਰ ਕੇ ਰਿਲਾਇੰਸ਼ ਜੀਓ ਆਮਦਨ ਕਮਾ ਰਹੀ ਹੈ ਤਾਂ ਉਸ ਨੂੰ ਸਰਕਾਰ ਨੂੰ ਏ ਜੀ ਆਰ ਬਕਾਇਆ ਭੁਗਤਾਨ ਕੇਸ ਵਿੱਚ ਕਿਉਂ ਸ਼ਾਮਲ ਨਹੀਂ ਕੀਤਾ।

ਇਸ ਬਾਰੇ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਇਨਸਾਲਵੈਂਸੀ ਪ੍ਰਕਿਰਿਆ ਦੇ ਦੌਰਾਨ ਸਪੈਕਟ੍ਰਮ ਵਿਕਰੀ ਬਾਰੇ




ਉਸ ਦੇ ਦੋ ਮੰਤਰਾਲਿਆਂ (ਟੈਲੀਕਾਮ ਮੰਤਰਾਲੇ ਅਤੇ ਕਾਰ-ਪੋਰੇਟ ਕੇਸਾਂ ਦੇ ਮੰਤਰਾਲੇ) ਦੇ ਕੁਝ ਮਤਭੇਦ ਹਨ। ਕੇਂਦਰ ਅਤੇ ਟੈਲੀਕਾਮ ਵਿਭਾਗ (ਡੀ ਓ ਟੀ) ਵੱਲੋਂ ਪੇਸ਼ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਏ ਜੀ ਆਰ ਬਕਾਇਆ ਵਸੂਲੀ ਲਈ ਸੁਪਰੀਮ ਕੋਰਟ ਜੋ ਵੀ ਕਹੇਗੀ, ਸਰਕਾਰ ਉਸ ਦਾ ਪੂਰਾ ਸਮਰਥਨ ਕਰੇਗੀ। ਇਸ 'ਤੇ ਜਸਟਿਸ ਅਰੁਣ ਮਿਸ਼ਰਾ, ਜਸਟਿਸ ਐੱਸ ਅਬਦੁਲ ਨਜ਼ੀਰ ਅਤੇ ਜਸਟਿਸ ਐੱਮ ਆਰ ਸ਼ਾਹ ਦੀ ਬੈਂਚ ਨੇ ਡੀ ਓ ਟੀ ਨੂੰ ਕਿਹਾ ਹੈ ਕਿ ਉਹ ਆਰ ਕਾਮ ਦੇ ਬਕਾਏ ਦੀ ਸਾਲਾਨਾ ਜਾਣਕਾਰੀ ਪੇਸ਼ ਕਰੇ। ਕੋਰਟ ਮੁਤਾਬਕ ਇਸ ਮਾਮਲੇ 'ਤੇ ਅੰਤਿਮ ਫੈਸਲੇ ਦੇ ਲਈ ਆਰ ਕਾਮ ਦੇ ਬਕਾਏ ਦੀ ਸਾਲਾਨਾ ਜਾਣਕਾਰੀ ਬਹੁਤ ਮਹੱਤਵ ਪੂਰਨ ਹੈ। ਤੁਸ਼ਾਰ ਮਹਿਤਾ ਦਾ ਕਹਿਣਾ ਸੀ ਕਿ ਇਸ ਬਾਰੇ ਡੀ ਓ ਟੀ ਦੀ ਰਾਇ ਬਿਲਕੁਲ ਸਾਫ ਹੈ ਕਿ ਇਨਸਾਲਵੈਂਸੀ ਪ੍ਰਕਿਰਿਆ ਦੌਰਾਨ ਸਪੈਕਟ੍ਰਮ ਦੀ ਵਿਕਰੀ ਨਹੀਂ ਹੋ ਸਕਦੀ, ਪਰ ਕਾਰਪੋਰੇਟ ਮਾਮਲਿਆਂ ਦਾ ਮੰਤਰਾਲਾ ਮੰਨਦਾ ਹੈ ਕਿ ਇਨਸਾਲਵੈਂਸੀ ਪ੍ਰਕਿਰਿਆ 'ਚੋਂ ਲੰਘ ਰਹੀ ਕੰਪਨੀ ਦੀ ਵੱਧ ਤੋਂ ਵੱਧ ਕੀਮਤ ਲਗਾਉਣ ਲਈ ਸਪੈਕਟ੍ਰਮ ਵਿਕਰੀ ਦੀ ਇਜਾਜ਼ਤ ਜ਼ਰੂਰੀ ਹੈ।

## ਪੁਣੇ ਤੋਂ ਹੈਦਰਾਬਾਦ ਇੱਕ ਘੰਟੇ ਵਿੱਚ ਪੁਚਾਏ ਫੇਫੜੇ ਨੇ ਮਰੀਜ਼ ਦੀ ਜਾਨ ਬਚਾਈ



ਹੈਦਰਾਬਾਦ, 18 ਅਗਸਤ (ਪੋਸਟ ਬਿਊਰੋ)- ਹੈਦਰਾਬਾਦ ਦੇ ਇੱਕ ਹਸਪਤਾਲ ਵਿੱਚ ਇੱਕ ਮਰੀਜ਼ ਨੂੰ ਪੁਣੇ ਵਿੱਚ ਇੱਕ ਬ੍ਰੇਨ ਡੈਡ ਡੋਨਰ ਦੇ ਫੇਫੜੇ ਨਾਲ ਨਵੀਂ ਜ਼ਿੰਦਗੀ ਮਿਲੀ। ਇਹ ਪੂਰੀ ਪ੍ਰਕਿਰਿਆ ਇੱਕ ਘੰਟੇ ਵਿੱਚ ਕੀਤੀ ਗਈ ਅਤੇ ਅੰਗ ਦੇ ਟਰਾਂਸਪਲਾਂਟ ਵਿੱਚ ਵੱਖ-ਵੱਖ ਅਧਿਕਾਰੀਆਂ ਨੇ ਨਾਲ ਮਿਲ ਕੇ ਯੋਗਦਾਨ ਦਿੱਤਾ।

ਅਸਲ ਵਿੱਚ ਅੰਗ ਦੇ ਤੇਜ਼ ਟਰਾਂਸਪਲਾਂਟ ਲਈ ਐਤਵਾਰ ਨੂੰ ਦੋਵਾਂ ਸ਼ਹਿਰਾਂ ਦੇ ਵੱਖ-ਵੱਖ ਵਿਭਾਗਾਂ ਨੇ ਇੱਕ ਗ੍ਰੀਨ ਕਾਰੀਡੋਰ ਦੀ ਵਿਵਸਥਾ ਕੀਤੀ ਸੀ। ਇਥੋਂ ਦੇ ਆਈ ਐੱਮ ਐੱਸ ਹਾਰਟ ਐਂਡ ਲੰਗ ਟਰਾਂਸਪਲਾਂਟ ਇੰਸਟੀਚਿਊਟ ਵਿੱਚ ਇੱਕ ਮਰੀਜ਼ ਦਾ ਇਲਾਜ ਚੱਲ ਰਿਹਾ ਸੀ, ਜੋ ਟਰਮੀਨਲ ਲੰਗ ਡੀਜੀਜ ਤੋਂ ਪੀੜਤ ਸੀ। ਮਰੀਜ਼ ਨੇ ਤੇਲੰਗਾਨਾ ਸਰਕਾਰ ਦੀ ਜੀਵਨਦਾਨ ਯੋਜਨਾ ਹੇਠ ਆਪਣਾ ਨਾਂਅ ਰਜਿਸਟਰਡ ਕਰਾਇਆ ਹੋਇਆ ਸੀ। ਇੱਕ ਨਿੱਜੀ ਹਸਪਤਾਲ ਵਿੱਚ ਬ੍ਰੇਨ ਡੈਡ ਐਲਾਨੇ ਗਏ ਯੁਵਾ ਵਿਅਕਤੀ ਦਾ ਪਰਵਾਰ ਅੰਗ ਦਾਨ ਕਰਨ ਲਈ ਐਤਵਾਰ ਨੂੰ ਅੱਗੇ ਆਇਆ। ਜ਼ੋਨਲ ਟਰਾਂਸਪਲਾਂਟ ਕੋ-ਆਰਡੀਨੇਸ਼ਨ ਸੈਂਟਰ (ਜੈੱਡ ਟੀ ਸੀ ਸੀ) ਪੁਣੇ ਨੇ ਭਰੋਸਾ ਦਿੱਤਾ ਕਿ ਅੰਗ ਟਰਾਂਸਪਲਾਂਟ ਦੇ ਲਈ ਸਮੇਂ 'ਤੇ ਹੈਦਰਾਬਾਦ ਪਹੁੰਚੇਗਾ। ਫੇਫੜੇ ਨੂੰ ਪੁਣੇ ਤੋਂ ਹੈਦਰਾਬਾਦ ਇੱਕ ਚਾਰਟਰਡ ਜਹਾਜ਼ ਰਾਹੀਂ ਲਿਆਂਦਾ ਗਿਆ। ਦੋਵਾਂ ਸ਼ਹਿਰਾਂ ਦੀ ਟਰੈਫਿਕ ਪੁਲਸ ਨੇ ਗ੍ਰੀਨ ਕਾਰੀਡੋਰ ਦੀ ਵਿਵਸਥਾ ਕੀਤੀ ਅਤੇ ਭਾਰਤੀ ਏਅਰਪੋਰਟ ਅਥਾਰਟੀ ਵੀ ਇਸ ਕੰਮ ਵਿੱਚ ਮਦਦ ਦੇ ਲਈ ਅੱਗੇ ਆਈ। ਅਖੀਰ ਕੇ ਆਈ ਐੱਮ ਐੱਸ ਹਾਰਟ ਐਂਡ ਲੰਗ ਟਰਾਂਸਪਲਾਂਟ ਇੰਸਟੀਚਿਊਟ, ਹੈਦਰਾਬਾਦ ਤੱਕ ਫੇਫੜਾ ਸ਼ਾਮ ਨੂੰ 560 ਕਿਲੋਮੀਟਰ ਦੂਰ ਦੇ ਸ਼ਹਿਰ ਤੋਂ ਬਿਨਾਂ ਦੇਰੀ ਕੀਤੇ ਇੱਕ ਘੰਟੇ ਦੇ ਅੰਦਰ ਪਹੁੰਚ ਗਿਆ ਅਤੇ ਜ਼ਰੂਰਤਮੰਦ ਮਰੀਜ਼ ਨੂੰ ਟਰਾਂਸਪਲਾਂਟ ਕੀਤਾ ਗਿਆ, ਜਿਸ ਨਾਲ ਉਸ ਦੀ ਜਾਨ ਬਚ ਗਈ।

## ਚੀਨ ਨੇ ਤਿੱਬਤ ਤੋਂ ਕਾਲਾ ਪਾਣੀ ਘਾਟੀ ਤੱਕ ਭਾਰਤੀ ਸਰਹੱਦ ਉਤੇ ਹੋਰ ਤੋਪਾਂ ਬੀੜੀਆਂ

ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਚੀਨ ਨੇ ਭਾਰਤ ਦੇ ਨਾਲ ਸੀਮਾ 'ਤੇ ਤਨਾਅ ਕਾਰਨ ਤਿੱਬਤ ਤੋਂ ਕਾਲਾ ਪਾਣੀ ਘਾਟੀ ਤੱਕ ਤੋਪਾਂ ਤਾਇਨਾਤ ਕਰ ਦਿੱਤੀਆਂ ਹਨ।

ਇਸ ਬਾਰੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਇਨ੍ਹਾਂ ਤੋਪਾਂ ਦੀ ਤੈਨਾਤੀ ਤਿੱਬਤ ਦੀ 4,600 ਮੀਟਰ ਉਚਾਈ 'ਤੇ ਜੁਲਾਈ ਦੇ ਅੰਤਿਮ ਹਫ਼ਤੇ ਵਿੱਚ ਕੀਤੀ ਗਈ ਹੈ। ਇਹੀ ਨਹੀਂ, ਚੀਨ ਨੇ ਤਿੱਬਤ ਦੇ ਫੌਜੀ ਜ਼ਿਲ੍ਹੇ ਵਿੱਚ 77 ਕੰਬੈਟ ਕਮਾਂਡ ਦੇ 150 ਲਾਈਟ ਕੰਬਾਈਂਡ ਆਂਸਰ ਬ੍ਰਿਗੇਡ ਦੀ ਤੈਨਾਤੀ ਵੀ ਕਰ ਦਿੱਤੀ ਹੈ। ਚੀਨ ਦਾ ਕੰਬਾਈਂਡ ਆਂਸਰ ਬ੍ਰਿਗੇਡ ਕੰਬੈਟ ਟੀਮ ਦਾ ਅਡਾਪਟੇਸ਼ਨ ਹੈ, ਜਿਸ ਨਾਲ ਵੱਖ-ਵੱਖ ਫੌਜੀ ਬਲਾਂ ਨੂੰ ਇਕੱਠੇ ਕੰਮ ਕਰਨ ਵਿੱਚ ਮਦਦ ਮਿਲਦੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਚੀਨ ਨੇ ਤਿੱਬਤ ਦੇ ਕਾਫੀ ਉਚਾਈ ਵਾਲੇ ਖੇਤਰ ਵਿੱਚ ਤੈਨਾਤੀ ਕਈ ਗੁਣਾ ਵਧਾ ਦਿੱਤੀ ਹੈ।

ਸੂਤਰਾਂ ਨੇ ਦੱਸਿਆ ਕਿ ਚੀਨ ਨੇ ਕੰਬਾਈਂਡ ਆਂਸਰ ਬ੍ਰਿਗੇਡ ਦੀ ਤੈਨਾਤੀ ਭਾਰਤ ਨਾਲ ਲੱਗਦੀ ਲਾਈਨ ਆਫ ਐਕਚੁਅਲ ਕੰਟਰੋਲ ਦੇ ਕੋਲ ਕੀਤੀ ਹੈ। ਇਹੀ ਨਹੀਂ, ਚੀਨੀ ਫੌਜ ਨੇ ਆਪਣੇ ਜਵਾਨਾਂ ਨੂੰ ਭਾਰੀ ਗਿਣਤੀ ਵਿੱਚ ਉਤਰਾਖੰਡ ਦੇ ਲਿਪੁਲੇਖ ਕੋਲ ਵਿੱਚ ਭਾਰਤ, ਚੀਨ ਅਤੇ ਨੇਪਾਲ ਦੇ ਤਿਰਾਹੇ 'ਤੇ ਕਾਲਾ ਪਾਣੀ ਘਾਟੀ ਦੇ ਉਪਰ ਵੀ ਪੁਚਾ ਦਿੱਤਾ ਹੈ।।

## ਅਮੂਲ ਦੇ ਕਾਰਿੰਦੇ ਤੋਂ ਪਿਸਤੌਲ ਦੀ ਨੋਕ ਉੱਤੇ 25 ਸੈਕਿੰਡ ਵਿੱਚ ਸੱਤ ਲੱਖ ਲੁੱਟੇ

ਗੋਹਾਨਾ, 18 ਅਗਸਤ (ਪੋਸਟ ਬਿਊਰੋ)- ਮੁਗਲਪੁਰਾ ਰੋਡ 'ਤੇ ਕੱਲ੍ਹ ਦੁਪਹਿਰ ਅਮੂਲ ਦੇ ਡਿਸਟਰੀਬਿਊਟਰ ਤੋਂ ਤਿੰਨ ਹਥਿਆਰਬੰਦ ਬਦਮਾਸ਼ਾਂ ਨੇ ਸੱਤ ਲੱਖ ਰੁਪਏ ਲੁੱਟ ਲਏ। ਦੋਸ਼ੀ ਕਰੀਬ 25 ਸੈਕਿੰਡ ਵਿੱਚ ਵਾਰਦਾਤ ਕਰ ਕੇ ਬਿਨਾ ਨੰਬਰ ਵਾਲੀ ਉਸੇ ਬਾਈਕ 'ਤੇ ਫਰਾਰ ਹੋ ਗਏ, ਜਿਸ 'ਤੇ ਉਹ ਆਏ ਸਨ।

ਡੇਅਰੀ ਸੰਚਾਲਕ ਦੀਪਕ ਗਿਰਧਰ ਦੀ ਸੂਚਨਾ ਦੇ ਬਾਅਦ ਪੁਲਸ ਘਟਨਾ ਸਥਾਨ 'ਤੇ ਪਹੁੰਚੀ ਤੇ ਜਾਂਚ ਸ਼ੁਰੂ ਕੀਤੀ। ਪਤਾ ਲੱਗਾ ਹੈ ਕਿ ਕੱਲ੍ਹ ਕੰਪਨੀ ਵਿੱਚ ਪੇਮੈਂਟ ਕਰਨੀ ਸੀ। ਇਸ ਲਈ ਉਹ ਘਰੋਂ ਕਰੀਬ ਸੱਤ ਲੱਖ ਰੁਪਏ ਲੈ ਕੇ ਆਇਆ ਸੀ। ਦੁਪਹਿਰ ਮੂੰਹ 'ਤੇ ਕੱਪੜਾ ਬੰਨ੍ਹ ਕੇ ਦੋ ਨੌਜਵਾਨ ਦੁਕਾਨ ਅੰਦਰ ਆਏ। ਤੀਸਰਾ ਨੌਜਵਾਨ ਬਾਹਰ ਬਾਈਕ ਲੈ ਕੇ ਖੜ੍ਹਾ ਹੋ ਗਿਆ। ਦੋਸ਼ੀਆਂ ਨੇ ਅੰਦਰ ਵੜਦੇ ਹੀ ਇੱਕ ਵਰਕਰ ਨੂੰ ਕਾਊਂਟਰ ਵੱਲ ਖੜ੍ਹਾ ਕਰ ਦਿੱਤਾ। ਇੱਕ ਨੌਜਵਾਨ ਨੇ ਪਿਸਤੌਲ ਕੱਢੀ। ਦੋਸ਼ੀ ਨੇ ਉਸ ਦੇ ਨਾਲ ਹੱਥੋਪਾਈ ਸ਼ੁਰੂ ਕਰ ਦਿੱਤੀ। ਦੂਸਰੇ ਨੌਜਵਾਨ ਨੇ ਪਿੱਛਿਓਂ ਆ ਕੇ ਕਾਊਟਰ ਦੇ ਅੰਦਰ ਰੱਖੇ ਕਰੀਬ ਸੱਤ ਲੱਖ ਰੁਪਏ ਕੱਢ ਲਏ ਅਤੇ ਧਮਕੀ ਦੇ ਕੇ ਸਾਥੀ ਨਾਲ ਬਾਈਕ 'ਤੇ ਬੈਠ ਕੇ ਫਰਾਰ ਹੋ ਗਏ।

ਸੂਚਨਾ ਦੇ ਬਾਅਦ ਥਾਣਾ ਸ਼ਹਿਰ ਗੋਹਾਨਾ ਮੁਖੀ ਮਹੀਪਾਲ ਅਤੇ ਪੁਲਸ ਟੀਮ ਘਟਨਾ ਸਥਾਨ 'ਤੇ ਪਹੁੰਚੀ। ਦੋਸ਼ੀਆਂ ਨੇ ਰੇਕੀ ਕਰ ਕੇ ਵਾਰਦਾਤ ਕੀਤੀ ਹੈ। ਪੀੜਤ ਇਸ ਘਟਨਾ ਤੋਂ ਕੁਝ ਸਮਾਂ ਪਹਿਲਾਂ ਘਰੋਂ ਪੈਸੇ ਲੈ ਕੇ ਆਇਆ ਸੀ। ਹਰ ਸੋਮਵਾਰ ਕੰਪਨੀ ਵਿੱਚ ਪੇਮੈਂਟ ਜਮ੍ਹਾ ਕਰਵਾਈ ਜਾਂਦੀ ਹੈ। ਜਦੋਂ ਦੋਸ਼ੀ ਨੇ ਬਿਨਾਂ ਕੁਝ ਕਹੇ, ਕਾਊਂਟਰ 'ਤੇ ਖੜ੍ਹੇ ਦੀਪਕ ਦੇ ਕੋਲ ਅਤੇ ਅੰਦਰ ਰੱਖੇ ਰੁਪਿਆਂ ਦਾ ਥੈਲਾ ਚੁੱਕਿਆ, ਉਸ ਤੋਂ ਲੱਗਦਾ ਹੈ ਕਿ ਉਨ੍ਹਾਂ ਨੂੰ ਪੂਰੀ ਜਾਣਕਾਰੀ ਸੀ ਕਿ ਪੈਸੇ ਕਿੱਥੇ ਰੱਖੇ ਹੋਏ ਹਨ। ਜਿਸ ਸਮੇਂ ਵਾਰਦਾਤ ਹੋਈ, ਉਸ ਸਮੇਂ ਦੁਕਾਨ ਵਿੱਚ ਦੋ ਵਰਕਰ ਵੀ ਮੌਜੂਦ ਸਨ।

## ਉੱਤਰਾ ਖੰਡ ਦੇ ਭਾਜਪਾ ਵਿਧਾਇਕ ਉਤੇ ਬਲਾਤਕਾਰ ਦਾ ਦੋਸ਼



ਦੇਹਰਾਦੂਨ, 18 ਅਗਸਤ (ਪੋਸਟ ਬਿਊਰੋ)- ਉਤਰਾਖੰਡ ਵਿੱਚ ਰਾਜ ਕਰਦੀ ਭਾਜਪਾ ਦੇ ਵਿਧਾਇਕ ਮਹੇਸ਼ ਨੇਗੀ ਵਿਰੁਧ ਇੱਕ ਔਰਤ ਨੇ ਬਲਾਤਕਾਰ ਦਾ ਦੋਸ਼ ਲਾ ਕੇ ਸਿਆਸਤ ਨੂੰ ਭੜਕਾ ਦਿੱਤਾ ਹੈ।

ਇਸ ਔਰਤ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਵਿਧਾਇਕ ਨੇ ਸਾਲ 2016 ਵਿੱਚ ਉਸ ਨਾਲ ਨੈਨੀਤਾਲ, ਦਿੱਲੀ, ਮਸੂਰੀ ਅਤੇ ਦੇਹਰਾਦੂਨ ਆਦਿ ਵੱਖ ਵੱਖ ਥਾਵਾਂ 'ਤੇ ਬਲਾਤਕਾਰ ਕੀਤਾ। ਔਰਤ ਨੇ ਦਾਅਵਾ ਕੀਤਾ ਕਿ ਵਿਧਾਇਕ ਤੋਂ ਉਸ ਦੀ ਇੱਕ ਬੱਚੀ ਵੀ ਹੈ ਅਤੇ ਉਸ ਦਾ ਡੀ ਐਨ ਏ ਟੈਸਟ ਕਰਾ ਕੇ ਸਚਾਈ ਦਾ ਪਤਾ ਲੱਗ ਸਕਦਾ ਹੈ। ਇਸ ਔਰਤ ਨੇ ਕਿਹਾ ਕਿ ਉਹ ਆਪਣੀ ਮਾਂ ਦੀ ਬੀਮਾਰੀ ਦੇ ਇਲਾਜ ਲਈ ਵਿਧਾਇਕ ਨੂੰ ਮਿਲੀ ਸੀ।

ਦੂਸਰੇ ਪਾਸੇ ਵਿਧਾਇਕ ਦੀ ਪਤਨੀ ਰੀਤਾ ਨੇਗੀ ਨੇ ਵੀ ਔਰਤ 'ਤੇ ਆਪਣੇ ਪਤੀ ਨੂੰ ਬਲੈਕਮੇਲ ਕਰਨ ਦਾ ਦੋਸ਼ ਲਾ ਕੇ ਥਾਣੇ ਵਿੱਚ ਕੇਸ ਦਰਜ ਕਰਾਇਆ ਹੈ। ਰੀਤਾ ਨੇ ਦੋਸ਼ ਲਾਇਆ ਕਿ ਇਹ ਔਰਤ ਉਸਦੀ ਪਤੀ ਨੂੰ ਬਦਨਾਮ ਕਰ ਰਹੀ ਹੈ। ਵਿਧਾਇਕ ਦੀ ਪਤਨੀ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਕਿ ਇਹ ਔਰਤ ਅਤੇ ਉਸਦਾ ਪਰਵਾਰ ਉਸ ਦੇ ਪਤੀ ਨੂੰ ਬਲੈਕਮੇਲ ਕਰ ਕੇ ਪੰਜ ਕਰੋੜ ਰੁਪਏ ਦੀ ਮੰਗ ਕਰ ਰਿਹਾ ਹੈ। ਸੀਨੀਅਰ ਪੁਲਸ ਅਧਿਕਾਰੀ ਅਸ਼ੋਕ ਕੁਮਾਰ ਨੇ ਦਸਿਆ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਸੂਬਾ ਕਾਂਗਰਸ ਦੇ ਪ੍ਰਧਾਨ ਪ੍ਰੀਤਮ ਸਿੰਘ ਨੇ ਵੀ ਕੇਸ ਨੂੰ ਗੰਭੀਰ ਦਸਦਿਆਂ ਦੋਸ਼ ਲਾਉਣ ਵਾਲੀ ਔਰਤ ਦੀ ਬੱਚੀ ਦਾ ਡੀ ਐਨ ਏ ਟੈਸਟ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ, 'ਮਾਮਲਾ ਗੰਭੀਰ ਹੈ ਕਿ ਵਿਧਾਇਕ 'ਤੇ ਔਰਤ ਜਿਸਮਾਨੀ ਸ਼ੋਸ਼ਣ ਦਾ ਦੋਸ਼ ਲਾ ਰਹੀ ਹੈ ਅਤੇ ਇਸ ਦਰਮਿਆਨ ਬੱਚੀ ਦਾ ਵੀ ਜਨਮ ਹੋਇਆ ਹੈ। ਬੱਚੀ ਦਾ ਡੀ ਐਨ ਏ ਟੈਸਟ ਕਰਾਇਆ ਜਾਣਾ ਚਾਹੀਦਾ ਹੈ।

## ਬੱਚੇ ਦੀ ਹੱਤਿਆ ਕਰਨ ਵਾਲੀ ਸੱਸ-ਨੂੰਹ ਨੂੰ ਫਾਂਸੀ ਦੀ ਸਜ਼ਾ

ਗੋਪਾਲਗੰਜ (ਬਿਹਾਰ), 18 ਅਗਸਤ (ਪੋਸਟ ਬਿਊਰੋ)- ਆਪਸੀ ਰੰਜਿਸ਼ ਵਿੱਚ ਚਾਰ ਸਾਲ ਦੇ ਬੱਚੇ ਦੀ ਗਲਾ ਵੱਢ ਕੇ ਹੱਤਿਆ ਕਰਨ ਦੀਆਂ ਦੋਸ਼ੀ ਸੱਸ ਅਤੇ ਨੂੰਹ ਨੂੰ ਐਡੀਸ਼ਨਲ ਜ਼ਿਲਾ ਜੱਜ ਲਵਕੁਸ਼ ਕੁਮਾਰ ਦੀ ਕੋਰਟ ਨੇ ਸਾਰੇ ਗਵਾਹਾਂ ਅਤੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਪਿੱਛੋਂ ਫਾਂਸੀ ਦੀ ਸਜ਼ਾ ਸੁਣਾਈ ਹੈ। ਸਜ਼ਾ ਸੁਣਾਉਣ ਦੇ ਬਾਅਦ ਦੋਵਾਂ ਨੂੰ ਨਿਆਇਕ ਹਿਰਾਸਤ ਵਿੱਚ ਲੈ ਲਿਆ ਗਿਆ। ਇਸ ਦੇ ਬਾਅਦ ਮੈਡੀਕਲ ਕਰਵਾ ਕੇ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ।

ਕੋਰਟ ਨੇ ਕਿਹਾ ਕਿ ਜਿਸ ਤਰ੍ਹਾਂ ਬੱਚੇ ਦੀ ਹੱਤਿਆ ਕੀਤੀ ਗਈ, ਇਸ ਤੋਂ ਘੱਟ ਕੀ ਸਜ਼ਾ ਹੋ ਸਕਦੀ ਹੈ। ਵਿਜੀਪੁਰ ਥਾਣੇ ਦੇ ਛਿਤੌਨਾ ਪਿੰਡ ਦੇ ਵਿਨੋਦ ਸਾਹ ਦਾ ਚਾਰ ਸਾਲਾ ਪੁੱਤਰ ਦੇਵ ਕੁਮਾਰ ਪੰਜ ਸਤੰਬਰ 2017 ਨੂੰ ਦੋ ਵਜੇ ਦਿਨ ਵਿੱਚ ਘਰੋਂ ਬਾਹਰ ਖੇਡ ਰਿਹਾ ਸੀ। ਇਸੇ ਦੌਰਾਨ ਉਸੇ ਪਿੰਡ ਦੀ ਇੱਕ ਔਰਤ ਨੇ ਆਈਸਕਰੀਮ ਦੇਣ ਦੇ ਬਹਾਨੇ ਉਸ ਨੂੰ ਘਰ ਬੁਲਾ ਲਿਆ ਅਤੇ ਆਪਸੀ ਰੰਜਿਸ਼ ਵਿੱਚ ਉਸ ਦੀ ਗਲਾ ਵੱਢ ਕੇ ਹੱਤਿਆ ਕਰ ਦਿੱਤੀ। ਫਿਰ ਸਬੂਤ ਮਿਟਾਉਣ ਲਈ ਲਾਸ਼ ਨੂੰ ਨੇੜੇ ਦੇ ਬਾਂਸਵਾਰੀ ਵਿੱਚ ਸੁੱਟ ਦਿੱਤਾ। ਇਸ ਕੇਸ ਵਿੱਚ ਸਰਜੁਗ ਸਾਹ ਦੀ ਪਤਨੀ ਦੁਰਗਾਵਤੀ ਦੇਵੀ ਅਤੇ ਧਰਮਿੰਦਰ ਸਾਹ ਦੀ ਪਤਨੀ ਸਨਕੇਸਾ ਦੇਵੀ ਨੂੰ ਦੋਸ਼ੀ ਬਣਾਇਆ ਗਿਆ ਸੀ। ਦੋਵੇਂ ਸੱਸ ਅਤੇ ਨੂੰਹ ਹਨ।

## ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਤੇ ਰਾਗੀ ਸਿੰਘਾਂ ਵਿਚਾਲੇ ਵਿਵਾਦ ਭਖਿਆ

### * ਫ਼ਰਿਆਦੀ ਬਣ ਕੇ ਗਏ, ਸਾਰਥਕ ਜਵਾਬ ਨਹੀਂ ਮਿਲਿਆ: ਰਾਗੀ ਸਿੰਘ

ਅੰਮ੍ਰਿਤਸਰ, 18 ਅਗਸਤ (ਪੋਸਟ ਬਿਊਰੋ)- ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਰਾਗੀ ਸਿੰਘਾਂ ਦਾ ਵਿਵਾਦ ਹੋਰ ਭੱਖ ਗਿਆ ਹੈ। ਕੱਲ੍ਹ ਸ੍ਰੀ ਦਰਬਾਰ ਸਾਹਿਬ ਦੇ ਰਾਗੀ ਸਿੰਘਾਂ ਨੇ ਇੱਕ ਮੀਟਿੰਗ ਕਰ ਕੇ ਕਿਹਾ ਕਿ ਅਸੀਂ ਫ਼ਰਿਆਦੀ ਬਣ ਕੇ ਅਕਾਲ ਤਖ਼ਤ ਸਾਹਿਬ 'ਤੇ ਵੀ ਗਏ, ਪਰ ਸਾਨੂੰ ਕੋਈ ਸਾਰਥਕ ਜਵਾਬ ਨਹੀਂ ਮਿਲਿਆ, ਜਿਸ ਤੋਂ ਬਾਅਦ ਅਸੀਂ ਇਹ ਮਾਮਲਾਂ ਸੰਗਤ ਵਿੱਚ ਲੈ ਆਏ ਹਾਂ।

ਸ਼੍ਰੋਮਣੀ ਰਾਗੀ ਸਭਾ ਦੇ ਪ੍ਰਧਾਨ ਭਾਈ ਉਂਕਾਰ ਸਿੰਘ ਰਾਗੀ ਨੇ ਕਿਹਾ ਕਿ ਗਿਆਨੀ ਜਗਤਾਰ ਸਿੰਘ ਨੂੰ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਰਹਿਣ ਦਾ ਕੋਈ ਅਧਿਕਾਰ ਨਹੀਂ। ਸ੍ਰੀ ਦਰਬਾਰ ਸਾਹਿਬ ਦੇ ਕੀਰਤਨ ਦੌਰਾਨ



ਗਿਆਨੀ ਜਗਤਾਰ ਸਿੰਘ ਵਾਰ ਵਾਰ ਰੋਕਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੈਠ ਕੇ ਰਾਗੀ ਸਿੰਘਾਂ ਨੂੰ ਮੰਦੇ ਸ਼ਬਦ ਬੋਲਦੇ ਹਨ। ਅਸੀਂ ਕਰੀਬ 15 ਦਿਨ ਪਹਿਲਾਂ ਅਕਾਲ ਤਖ਼ਤ ਸਾਹਿਬ 'ਤੇ ਫ਼ਰਿਆਦੀ ਬਣ ਕੇ ਗਏ, ਪਰ ਸਾਨੂੰ ਸਾਰਥਕ ਜਵਾਬ ਨਹੀਂ ਮਿਲਿਆ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਬੰਦ ਕਮਰਾ ਮੀਟਿੰਗ ਕਰ ਕੇ ਉਨ੍ਹਾਂ ਨੂੰ ਬੇਨਤੀ ਕੀਤੀ ਸੀ ਕਿ ਗਿਆਨੀ ਜਗਤਾਰ ਸਿੰਘ ਦੀਆਂ ਆਪਹੁਦਰੀਆਂ ਕਾਰਨ ਕੀਰਤਨ ਕਰਨਾ ਮੁਸ਼ਕਲ ਹੈ। ਗਿਆਨੀ ਜਗਤਾਰ ਸਿੰਘ ਦੇ ਇਸ ਵਤੀਰੇ ਕਾਰਨ ਰਾਗੀ ਸਿੰਘ ਸ਼ਬਦ ਵੀ ਭੁੱਲ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜੇ ਗਿਆਨੀ ਜਗਤਾਰ ਸਿੰਘ ਨੂੰ ਜੇ ਸਾਡੇ ਕੀਰਤਨ 'ਤੇ ਕਿਸੇ ਤਰ੍ਹਾਂ ਦਾ ਇਤਰਾਜ਼ ਹੈ ਤਾਂ ਸਾਡੇ ਨਾਲ ਬੰਦ ਕਮਰਾ ਵਿਚਾਰ ਕਰ ਸਕਦੇ ਹਨ। ਅਸੀਂ ਸੰਗਤ ਵਿੱਚ ਵਿਵਾਦ ਲੈ ਕੇ ਆਉਣਾ ਨਹੀਂ ਸੀ ਚਾਹੁੰਦੇ, ਪਰ ਪਾਣੀ ਸਿਰੋਂ ਲੰਘ ਗਿਆ ਹੈ। ਉਨ੍ਹਾਂ ਕਿਹਾ ਕਿ ਜੇ ਗਿਆਨੀ ਜਗਤਾਰ ਸਿੰਘ ਨੇ ਆਪਣੇ ਵਤੀਰੇ ਵਿੱਚ ਤਬਦੀਲੀ ਨਾ ਲਿਆਂਦੀ ਤਾਂ ਮਜ਼ਬੂਰ ਹੋ ਕੇ ਰਾਗੀ ਸਿੰਘ ਧਰਨਾ ਦੇਣ ਨੂੰ ਮਜ਼ਬੂਰ ਹੋਣਗੇ।

## ਅਕਾਲੀ-ਭਾਜਪਾ ਆਗੂਆਂ ਨੇ ਇੱਕ-ਦੂਜੇ ਦੇ ਧਰਨਿਆਂ 'ਚ ਸ਼ਾਮਲ ਨਾ ਹੋ ਕੇ ਗੰਭੀਰ ਸੰਕੇਤ ਦਿੱਤੇ

ਸੰਗਰੂਰ, 18 ਅਗਸਤ (ਪੋਸਟ ਬਿਊਰੋ)- ਪੰਜਾਬ 'ਚ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਸ਼ਰਾਬ ਦੇ ਮੁੱਦੇ ਤੋਂ ਆਪੋ-ਆਪਣੇ ਧਰਨੇ ਲਾਉਣੇ ਸ਼ੁਰੂ ਕੀਤੇ ਹੋਏ ਹਨ ਤੇ ਇੱਕ ਦੂਸਰੇ ਨਾਲ ਕੋਈ ਸਾਂਝ ਨਹੀਂ ਦਿੱਸ ਰਹੀ।

ਭਾਰਤੀ ਜਨਤਾ ਪਾਰਟੀ ਨੇ ਪਿਛਲੇ 15 ਦਿਨਾਂ ਵਿੱਚ ਰਾਜ ਦੀਆਂ ਵੱਖ-ਵੱਖ ਥਾਵਾਂ ਉਤੇ 240 ਧਰਨੇ ਲਾਏ ਹਨ ਤੇ ਕਿਸੇ ਇੱਕ ਵਿੱਚ ਵੀ ਅਕਾਲੀ ਆਗੂ ਨੂੰ ਸ਼ਾਮਲ ਨਹੀਂ ਕੀਤਾ। ਇਸੇ ਤਰ੍ਹਾਂ ਅਕਾਲੀ ਦਲ ਵੱਲੋਂ ਇਸ ਮੁੱਦੇ 'ਤੇ ਲਾਏ ਗਏ ਧਰਨਿਆਂ 'ਚ ਭਾਜਪਾ ਨੂੰ ਸ਼ਾਮਲ ਹੋਣ ਦਾ ਸੱਦਾ ਨਹੀਂ ਦਿੱਤਾ ਗਿਆ। ਇਸ ਤੋਂ ਦੋਵਾਂ ਪਾਰਟੀਆਂ ਦੇ ਭਵਿੱਖੀ ਗਠਜੋੜ ਉਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਜਾਣਕਾਰ ਸੂਤਰਾਂ ਅਨੁਸਾਰ ਭਾਜਪਾ ਨੇ ਪੰਜਾਬ ਵਿੱਚ ਇਕੱਲਿਆਂ ਚੋਣ ਲੜਨ ਦੀ ਅੰਦਰੂਨੀ ਤਿਆਰੀ ਆਰੰਭ ਕਰ ਦਿੱਤੀ ਹੈ ਅਤੇ ਅਗਲੇ ਦਿਨਾਂ ਵਿੱਚ ਰਾਜ ਦੇ ਸਾਰੇ 117 ਹਲਕਿਆਂ ਵਿੱਚ ਹਲਕਾ ਇੰਚਾਰਜ ਲਾਏ ਜਾਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਸੂਤਰਾਂ ਅਨੁਸਾਰ ਪਾਰਟੀ ਮਾਲਵਾ ਖੇਤਰ ਵੱਲ ਖਾਸ ਧਿਆਨ ਦੇ ਰਹੀ ਹੈ ਕਿਉਂਕਿ ਵਿਧਾਨ ਸਭਾ ਦੀਆਂ ਤਕਰੀਬਨ ਅੱਧੀਆਂ ਸੀਟਾਂ ਇਸ ਖੇਤਰ ਵਿੱਚ ਹਨ। ਪਾਰਟੀ ਆਗੂਆਂ ਨੂੰ ਪੇਂਡੂ ਖੇਤਰ ਵਿੱਚ ਤੇਜ਼ੀ ਨਾਲ ਸਰਗਰਮ ਹੋਣ ਲਈ ਹਦਾਇਤਾਂ ਹੋ ਗਈਆਂ ਹਨ। ਸੂਤਰਾਂ ਅਨੁਸਾਰ 2020 ਸਾਲ ਦੌਰਾਨ ਇਹ ਗੱਠਜੋੜ ਸ਼ਾਇਦ ਰਹੇਗਾ ਅਤੇ ਸਾਲ 2021 ਦੌਰਾਨ ਇਹ ਗੱਠਜੋੜ ਕਾਇਮ ਰਹਿਣ ਦੀ ਸੰਭਾਵਨਾ ਸ਼ੱਕੀ ਬਣ ਚੁੱਕੀ ਹੈ।

## ਰੈਫਰੈਂਡਮ 2020 ਦੇ ਲਈ ਅਰਦਾਸ ਕਰਨ ਵਾਲਾ ਸਿੱਖ ਨੌਜਵਾਨ ਗ੍ਰਿਫ਼ਤਾਰ

ਤਲਵੰਡੀ ਸਾਬੋ, 18 ਅਗਸਤ (ਪੋਸਟ ਬਿਊਰੋ)- ਰੈਫਰੈਂਡਮ 2020 ਬਾਰੇ ਸਿੱਖਸ ਫ਼ਾਰ ਜਸਟਿਸ ਵੱਲੋਂ 15 ਅਗਸਤ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਅਰਦਾਸ ਦੇ ਐਲਾਨ ਪਿੱਛੋਂ ਕੁਝ ਨੌਜਵਾਨਾਂ ਵੱਲੋਂ ਤਖ਼ਤ ਸਾਹਿਬ 'ਤੇ ਅਰਦਾਸ ਕਰਨ ਦਾ ਦਾਅਵਾ ਕਰਦਿਆਂ ਪਾਈ ਵੀਡੀਓ ਕਾਰਨ ਦੋ ਸਿੱਖ ਨੌਜਵਾਨਾਂ ਨੂੰ ਫੜਨ ਦੀ ਚਰਚਾ ਛਿੜ ਗਈ। ਇਸ ਪਿੱਛੋਂ ਤਲਵੰਡੀ ਸਾਬੋ ਪੁਲਸ ਨੇ ਕੱਲ੍ਹ ਇਹ ਪੁਸ਼ਟੀ ਕੀਤੀ ਹੈ ਕਿ ਇਸ ਕੇਸ ਵਿੱਚ ਇੱਕ ਸਿੱਖ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ।

ਵਰਨਣ ਯੋਗ ਹੈ ਕਿ ਭਾਵੇਂ ਅਰਦਾਸ ਦੇ ਐਲਾਨ ਦੇ ਕਾਰਨ 15 ਅਗਸਤ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਆਲੇ ਦੁਆਲੇ ਪੁਲਸ



ਨੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਸਨ, ਫਿਰ ਵੀ ਕੁਝ ਨੌਜਵਾਨਾਂ ਨੇ ਅਰਦਾਸ ਕਰਨ ਦੀ ਇੱਕ ਵੀਡੀਓ ਵਾਇਰਲ ਕਰਕੇ ਦਾਅਵਾ ਕਰ ਦਿੱਤਾ ਕਿ ਉਨ੍ਹਾਂ ਨੇ ਰੈਫਰੈਂਡਮ 2020 ਬਾਰੇ ਤਖ਼ਤ ਸਾਹਿਬ ਉਪਰ ਅਰਦਾਸ ਕਰ ਦਿੱਤੀ ਹੈ। ਬਾਅਦ ਵਿੱਚ ਇਹ ਗੱਲ ਸਾਹਮਣੇ ਆਈ ਕਿ ਉਕਤ ਅਰਦਾਸ 14 ਅਗਸਤ ਨੂੰ ਹੀ ਕਰ ਦਿੱਤੀ ਗਈ ਸੀ। ਓਦੋਂ ਪਤਾ ਲੱਗਾ ਸੀ ਕਿ ਵੀਡੀਓ ਵਾਇਰਲ ਕੇਸ 'ਚ ਛਾਣਬੀਣ ਤੋਂ ਬਾਅਦ ਪੁਲਸ ਨੇ ਦੋ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਪਰ ਕੋਈ ਅਧਿਕਾਰੀ ਇਸ ਦੀ ਪੁਸ਼ਟੀ ਕਰਨ ਲਈ ਤਿਆਰ ਨਹੀਂ ਸੀ। ਕੱਲ੍ਹ ਤਲਵੰਡੀ ਸਾਬੋ ਪੁਲਸ ਨੇ ਮੰਨਿਆ ਕਿ ਉਨ੍ਹਾਂ ਨੇ ਇਸ ਕੇਸ ਵਿੱਚ ਨਿਰਮਲਜੀਤ ਸਿੰਘ ਪਿੰਡ ਕੋਟ ਸ਼ਮੀਰ, ਬਠਿੰਡਾ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਸ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਗਈ ਹੈ। ਥਾਣਾ ਮੁਖੀ ਮਨਿੰਦਰ ਸਿੰਘ ਨੇ ਸਿਰਫ਼ ਏਨਾ ਕਿਹਾ ਕਿ ਨੌਜਵਾਨ ਤੋਂ ਇਸ ਬਾਰੇ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ। ਭਰੋਸੇਯੋਗ ਸੂਤਰਾਂ ਮੁਤਾ-ਬਕ ਪੁਲਸ ਨੇ ਹਿਰਾਸਤ ਵਿੱਚ ਦੋ ਨੌਜਵਾਨਾਂ ਨੂੰ ਲਿਆ ਸੀ ਪ੍ਰੰਤੂ ਦੂਜੇ ਦਾ ਪੁੱਛਗਿੱਛ ਦੇ ਬਾਅਦ ਕੋਈ ਕਸੂਰ ਨਾ ਦਿਖਾਈ ਦੇਣ ਕਾਰਨ ਉਸ ਨੂੰ ਛੱਡ ਦਿੱਤਾ ਗਿਆ ਸੀ।

## ਅਗਵਾ ਕੇਸ ਵਿੱਚ ਸੁਮੇਧ ਸੈਣੀ ਪਹੁੰਚੇ ਹਾਈ ਕੋਰਟ

ਚੰਡੀਗੜ੍ਹ, 18 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਨੇ ਆਪਣੇ ਖਿਲਾਫ ਚੱਲ ਰਹੇ ਅਗਵਾ ਦੇ ਕੇਸ ਬਾਰੇ ਕੱਲ੍ਹ ਪੰਜਾਬ ਹਰਿਆਣਾ ਹਾਈ ਕੋਰਟ 'ਚ ਪਹੁੰਚ ਕਰ ਕੇ ਦਾਅਵਾ ਕੀਤਾ ਹੈ ਕਿ ਉਸ ਖਿਲਾਫ ਚੱਲ ਰਹੀ ਸੁਣਵਾਈ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਹੈ।

ਚੰਡੀਗੜ੍ਹ ਟੂਰਿਜ਼ਮ ਦੇ ਜੇ ਈ ਬਲਵੰਤ ਸਿੰਘ ਮੁਲਤਾਨੀ ਦੇ ਅਗਵਾ ਹੋਣ ਦੇ ਮਾਮਲੇ ਵਿੱਚ ਸੁਮੇਧ ਸੈਣੀ ਤੇ ਹੋਰਨਾਂ ਦੇ ਖਿਲਾਫ ਮੁਹਾਲੀ ਜ਼ਿਲੇ ਦੇ ਮਟੌਰ ਥਾਣੇ ਵਿੱਚ ਪਿਛਲੀ



ਛੇ ਮਈ ਨੂੰ ਕੇਸ ਦਰਜ ਹੋਇਆ ਸੀ। ਸੁਮੇਧ ਸੈਣੀ ਨੇ ਆਪਣੀ ਅਪੀਲ ਵਿੱਚ ਕੇਸ ਦੀ ਜਾਂਚ ਪੰਜਾਬ ਤੋਂ ਬਾਹਰ ਕਿਸੇ ਵੀ ਹੋਰ ਏਜੰਸੀ ਦੇ ਹਵਾਲੇ ਕਰਨ ਨੂੰ ਕਿਹਾ ਹੈ। ਉਨ੍ਹਾਂ ਕਿਹਾ ਕਿ ਜੇ ਹੋ ਸਕੇ ਤਾਂ ਇਹ ਜਾਂਚ ਕੇਂਦਰੀ ਜਾਂਚ ਬਿਊਰੋ ਨੂੰ ਦੇ ਦਿੱਤੀ ਜਾਵੇ। ਸੈਣੀ ਨੇ ਦਾਅਵਾ ਕੀਤਾ ਕਿ ਉਸ ਖਿਲਾਫ ਦਰਜ ਕੇਸ ਸੁਪਰੀਮ ਕੋਰਟ ਵੱਲੋਂ ਦੋ ਜੁਲਾਈ 2008 ਵਾਲੀ ਸ਼ਿਕਾਇਤ ਰੱਦ ਕਰਨ ਸਮੇਂ ਸੱਤ ਦਸੰਬਰ 2011 ਨੂੰ ਦਿੱਤੇ ਹੁਕਮਾਂ ਦੀ ਉਲੰਘਣਾ ਹੈ। ਉਨ੍ਹਾ ਨੇ ਦਾਅਵਾ ਕੀਤਾ ਕਿ ਸਿਆਸੀ ਦਖਲ ਤੇ ਬਦਲਾਖੋਰੀ ਦੀ ਭਾਵਨਾ ਹੇਠ ਕੇਸ ਦਰਜ ਕੀਤਾ ਗਿਆ ਹੈ। ਪਹਿਲੀ ਸ਼ਿਕਾਇਤ ਸੀ ਬੀ ਆਈ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਦਰਜ ਕੀਤੀ ਗਈ ਸੀ।

## ਆਟਾ ਵੇਚਣ ਤੋਂ ਬਾਅਦ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਗੁਰਬਾਣੀ ਵੇਚਣ ਦਾ ਦੋਸ਼ ਵੀ ਲੱਗਾ

ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦੇ ਨਾਂ 'ਤੇ ਯੂ-ਟਿਊਬ 'ਤੇ ਗੁਰਬਾਣੀ ਦਾ ਪ੍ਰਸਾਰਨ ਕਰ ਰਹੇ ਪੇਜ 'ਤੇ ਗੁਰਬਾਣੀ ਵੇਚਣ ਦੇ ਦੋਸ਼ ਲੱਗਣ ਨਾਲ ਵਿਵਾਦ ਪੈਦਾ ਹੋ ਗਿਆ ਹੈ। ਇਸ ਬਾਰੇ 'ਜਾਗੋ' ਪਾਰਟੀ ਨੇ ਇਸ ਪੇਜ ਨੂੰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦਾ ਅਧਿਕਾਰਤ ਯੂ-ਟਿਊਬ ਪੇਜ ਦੱਸ ਕੇ ਦਾਅਵਾ ਕੀਤਾ ਹੈ ਕਿ ਇਸ ਪੇਜ ਦਾ 'ਗੂਗਲ ਐਡਸੈਂਸ' ਖਾਤਾ ਬਣਿਆ ਹੋਇਆ ਹੈ ਅਤੇ ਹਰ ਸਾਲ ਔਸਤਨ 49,200 ਅਮਰੀਕੀ ਡਾਲਰ ਇਸ ਪੇਜ ਦੇ ਮਾਲਕ ਕੋਲ ਜਾਂਦੇ ਹਨ। 'ਜਾਗੋ' ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਇਸ ਮਾਮਲੇ ਵਿੱਚ ਮਨਜਿੰਦਰ ਸਿੰਘ ਸਿਰਸਾ ਨੂੰ 37 ਲੱਖ ਰੁਪਏ ਸਾਲਾਨਾ ਦੇ ਲਾਭ ਬਾਰੇ ਚੁੱਪ ਤੋੜਨ ਦੀ ਸਲਾਹ ਮੀਡੀਆ ਸਾਹਮਣੇ ਦਿੱਤੀ ਅਤੇ ਕਿਹਾ ਕਿ ਜਿਸ ਪੇਜ 'ਤੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਤੋਂ ਲਗਾਤਾਰ ਗੁਰਬਾਣੀ ਪ੍ਰਸਾਰਨ ਹੁੰਦਾ ਹੈ, ਉਸ ਪੇਜ ਦੇ ਅਬਾਊਟ ਸੈਕਸ਼ਨ ਵਿੱਚ ਸਪੱਸ਼ਟ ਲਿਖਿਆ ਹੈ ਕਿ ਇਹ ਪੇਜ ਸਿਰਸਾ ਦਾ ਅਧਿਕਾਰਤ ਪੇਜ ਹੈ ਅਤੇ ਮਿਊਜ਼ਿਕ ਸੈਕਸ਼ਨ ਵਿੱਚ ਰਜਿਸਟਰਡ ਹੈ। ਇਸ ਲਈ ਆਟੇ ਤੋਂ ਬਾਅਦ ਗੁਰਬਾਣੀ ਵੇਚਣ ਦੇ ਮਾਮਲੇ ਵਿੱਚ ਮਨਜਿੰਦਰ ਸਿੰਘ ਸਿਰਸਾ ਦੀ ਭੂਮਿਕਾ ਸ਼ੱਕੀ ਨਜ਼ਰ ਆ ਰਹੀ ਹੈ।

ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਪਹਿਲਾਂ ਅਸੀਂ ਸਿਰਸਾ ਨੂੰ ਚਿੱਠੀ ਲਿਖ ਕੇ ਇਸ ਬਾਰੇ ਸਫਾਈ ਮੰਗਾਂਗੇ, ਜੇ ਸਫਾਈ ਦਲੀਲ ਭਰੀ ਨਾ ਹੋਈ ਤਾਂ ਕਾਨੂੰਨੀ ਕਾਰਵਾਈ ਬਾਰੇ ਸੋਚਾਂਗੇ। ਉਨ੍ਹਾ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਸਿਰਸਾ ਨੇ ਆਪਣੇ ਪੇਜ ਨੂੰ ਗੁਰਦੁ-ਆਰਾ ਬੰਗਲਾ ਸਾਹਿਬ ਦੇ ਲਾਈਵ ਲਈ ਕਿਉਂ ਚੁਣਿਆ, ਜਦੋਂ ਕਿ ਕਮੇਟੀ ਦੇ 2 ਪੇਜ ਯੂ-ਟਿਊਬ ਉੱਤੇ ਪਹਿਲਾਂ ਤੋਂ ਮੌਜੂਦ ਸਨ, ਜਿਨ੍ਹਾਂ ਵਿੱਚੋਂ ਇੱਕ ਸਾਲ 2017 ਵਿੱਚ ਅਤੇ ਦੂਜਾ 2019 ਵਿੱਚ ਬਣਿਆ ਸੀ। ਦੋਵਾਂ ਵਿੱਚ ਕ੍ਰਮਵਾਰ 1600 ਅਤੇ 268 ਅਮਰੀਕੀ ਡਾਲਰ ਅਜੇ ਤੱਕ ਆਏ ਹਨ। ਮਨਜੀਤ ਸਿੰਘ ਜੀ ਕੇ ਨੇ ਇਸ ਯੂ ਟਿਊਬ ਪੇਜ 'ਤੇ ਗੁਰਬਾਣੀ ਪ੍ਰਸਾਰਨ ਦੌਰਾਨ ਵਿਚਾਲੇ ਹੀ ਗੂਗਲ ਵੱਲੋਂ ਐਡ ਚਲਾਉਣ ਦੇ ਸਬੂਤ 'ਤੇ ਇੱਕ ਵੀਡੀਓ ਚਲਾ ਕੇ ਦਿਖਾਈ। ਉਨ੍ਹਾਂ ਕਿਹਾ ਕਿ ਜਿੱਥੇ ਇਹ ਗੁਰਬਾਣੀ ਦੇ ਪ੍ਰਸਾਰਨ ਦਾ ਨਿੱਜੀ ਲਾਭ ਉਠਾਉਣ ਦਾ ਮਾਮਲਾ ਹੈ, ਉਥੇ ਹੀ ਗੁਰਬਾਣੀ ਰੋਕ ਕੇ ਐਡ ਚਲਾਉਣ ਨਾਲ ਗੁਰਬਾਣੀ ਦੀ ਬੇਅਦਬੀ ਵੀ ਹੋ ਰਹੀ ਹੈ।




# ਰਾਸ਼ਟਰਪਤੀ ਚੋਣ ਵਿਰੁੱਧ ਬੇਲਾਰੂਸ ਦੀ ਰਾਜਧਾਨੀ ਵਿੱਚ ਦੋ ਲੱਖ ਲੋਕਾਂ ਵੱਲੋਂ ਰੋਸ ਪ੍ਰਦਰਸ਼ਨ

ਮਿੰਸਕ, 18 ਅਗਸਤ (ਪੋਸਟ ਬਿਊਰੋ)- ਬੇਲਾਰੂਸ ਦੀ ਰਾਜਧਾਨੀ ਮਿੰਸਕ 'ਚ ਪਿੱਛੇ ਜਿਹੇ ਹੋਈਆਂ ਰਾਸ਼ਟਰਪਤੀ ਚੋਣਾਂ 'ਚ ਦੋਬਾਰਾ ਜਿੱਤੇ ਰਾਸ਼ਟਰਪਤੀ ਅਲੈਕਜੈਂਡਰ ਲੁਕਾਸ਼ੈਂਕੋ ਕੇ ਖ਼ਿਲਾਫ਼ ਨਾਅਰੇ ਲਾਏ ਜਾ ਰਹੇ ਹਨ। ਕੱਲ੍ਹ ਰਾਜਧਾਨੀ 'ਚ ਦੇਸ਼ ਦੇ ਇਤਿਹਾਸ 'ਚ ਸਭ ਤੋਂ ਵੱਡਾ ਪ੍ਰਦਰਸ਼ਨ ਹੋਇਆ ਅਤੇ ਇਹ ਦੋਸ਼ ਲਗਾਇਆ ਗਿਆ ਕਿ ਨਵੇਂ ਚੁਣੇ ਗਏ ਰਾਸ਼ਟਰਪਤੀ ਲੁਕਾਸ਼ੈਂਕੋ ਨੇ ਚੋਣਾਂ 'ਚ ਜਿੱਤ ਦਰਜ ਕਰਨ ਲਈ ਧਾਂਦਲੀਆਂ ਕੀਤੀਆਂ ਹਨ।




ਲੁਕਾਸ਼ੈਂਕੋ ਨੇ ਲਗਾਤਾਰ 6ਵੀਂ ਵਾਰ ਰਾਸ਼ਟਰਪਤੀ ਦੀਆਂ ਚੋਣਾਂ 'ਚ ਸਫਲਤਾ ਪ੍ਰਾਪਤ ਕੀਤੀ ਹੈ। ਵਿਰੋਧੀ ਪਾਰਟੀਆਂ ਵੱਲੋਂ ਲਗਾਤਾਰ ਹੋ ਰਹੇ ਪ੍ਰਦਰਸ਼ਨਾਂ ਨੂੰ ਦੇਖਦੇ ਹੋਏ ਰੂਸ ਦੇ ਰਾਸ਼ਟਰਪਤੀ ਪੁਤਿਨ ਨੇ ਦੋਸਤੀ ਦਾ ਹੱਥ ਵਧਾਇਆ ਹੈ ਅਤੇ ਲੋਕਾਂ ਨੂੰ ਸੰਭਾਲਣ ਲਈ ਫੌਜ ਦੀ ਟੁਕੜੀ ਭੇਜਣ ਦੀ ਪੇਸ਼ਕਸ਼ ਕੀਤੀ ਹੈ। ਉਥੇ ਬੇਲਾਰੂਸ 'ਚ ਵੋਟਿੰਗ ਸਬੰਧੀ ਅੱਜ ਤੱਕ ਦੋ ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਚੁੱਕੀ ਹੈ ਅਤੇ ਹਜ਼ਾਰਾਂ ਲੋਕਾਂ ਨੂੰ ਹਿਰਾਸਤ 'ਚ ਲਿਆ ਗਿਆ ਹੈ।

ਰੂਸ ਦੀ ਪੱਛਮੀ ਸਰਹੱਦ ਨਾਲ ਲਗਦਾ ਬੇਲਾਰੂਸ 25 ਅਗਸ 1991 ਨੂੰ ਸੋਵੀਅਤ ਯੂਨੀਅਨ ਤੋਂ ਵੱਖਰਾ ਹੋ ਕੇ ਆਜ਼ਾਦ ਦੇਸ਼ ਬਣਿਆ ਸੀ। ਇਸ ਤੋਂ ਬਾਅਦ ਸੰਵਿਧਾਨ ਬਣਿਆ ਅਤੇ ਜੂਨ 1994 ਨੂੰ ਪਹਿਲੀ ਰਾਸ਼ਟਰਪਤੀ ਚੋਣ ਹੋਈ। ਰਾਸ਼ਟਰਪਤੀ ਬਣੇ ਅਲੈਕਜੈਂਡਰ ਲੁਕਾਸ਼ੈਂਕੋ 1994 ਤੋਂ ਲੈ ਕੇ ਅੱਜ ਤੱਕ ਛੇ ਵਾਰ ਚੋਣਾਂ ਜਿੱਤ ਚੁੱਕੇ ਹਨ। ਲੁਕਾਸ਼ੈਂਕੋ ਨੂੰ ਕਦੇ-ਕਦੇ 'ਯੂਰਪ ਦਾ ਆਖਰੀ ਤਾਨਾਸ਼ਾਹ' ਕਿਹਾ ਜਾਂਦਾ ਹੈ। 2015 ਦੀਆਂ ਚੋਣਾਂ 'ਚ ਵੀ ਉਨ੍ਹਾਂ ਨੇ ਵੱਡੀ ਜਿੱਤ ਦਾ ਐਲਾਨ ਕੀਤਾ ਸੀ। ਚੋਣਾਂ 'ਚ ਲੁਕਾਸ਼ੈਂਕੋ ਨੂੰ 83.5 ਫ਼ੀਸਦੀ ਵੋਟਾਂ ਦੇ ਨਾਲ ਜੇਤੂ ਐਲਾਨਿਆ ਗਿਆ ਸੀ। ਉਨ੍ਹਾਂ ਚੋਣਾਂ 'ਚ ਉਨ੍ਹਾਂ ਨੂੰ ਚੁਣੌਤੀ ਦੇਣ ਵਾਲਾ ਕੋਈ ਗੰਭੀਰ ਉਮੀਦਵਾਰ ਮੈਦਾਨ 'ਚ ਨਹੀਂ ਸੀ ਜਦਕਿ ਇਸ ਸਾਲ ਦੀਆਂ ਚੋਣਾਂ ਉਨ੍ਹਾਂ ਦੀ 'ਅਗਵਾਈ 'ਚ ਨਿਰਾਸ਼ਾ ਦੇ ਵਧਦੇ ਸੰਕੇਤਾਂ ਵਿਚਾਲੇ' ਆਯੋਜਿਤ ਕੀਤੀਆਂ ਗਈਆਂ। ਸ਼ਵੇਤਲਾਨਾ ਨੇ ਚੋਣਾਂ ਨੂੰ ਬਹੁਤ ਗੰਭੀਰਤਾ ਨਾਲ ਲਿਆ ਅਤੇ ਜਦੋਂ ਨਤੀਜੇ ਆਏ ਤਾਂ ਉਹ ਬੁਰੀ ਤਰ੍ਹਾਂ ਨਾਲ ਹਾਰ ਗਈ।

## ਟਰੰਪ ਦੀਆਂ ਕੀਤੀਆਂ ਤਬਦੀਲੀਆਂ ਬਾਰੇ ਨੈਂਸੀ ਪੈਲੋਸੀ ਹਾਊਸ ਦੇ ਵਿੱਚ ਵੋਟਿੰਗ ਕਰਵਾਏਗੀ ਸਦਨ

ਵਾਸ਼ਿੰਗਟਨ, 18 ਅਗਸਤ (ਪੋਸਟ ਬਿਊਰੋ)- ਅਮਰੀਕੀ ਪ੍ਰਤੀਨਿਧੀ ਸਭਾ ਦੀ ਪ੍ਰਧਾਨ ਨੈਂਸੀ ਪੈਲੋਸੀ ਨੇ ਕਿਹਾ ਹੈ ਕਿ ਉਹ ਅਮਰੀਕਾ ਡਾਕ ਸੇਵਾ ਬਾਰੇ ਚੱਲ ਰਹੇ ਸੰਕਟ ਦੌਰਾਨ ਸਦਨ ਦਾ ਸੈਸ਼ਨ ਦੁਬਾਰਾ ਸੱਦ ਰਹੀ ਹੈ।

ਪੈਲੋਸੀ ਪਾਰਲੀਮੈਂਟ ਮੈਂਬਰਾਂ ਨੂੰ ਮਿਲਣ ਵਾਲੀ ਗਰਮ ਰੁੱਤ ਛੁੱਟੀ ਦੀ ਮਿਆਦ ਨੂੰ ਵਿਚਾਲੇ ਰੋਕ ਕੇ ਵੋਟਿੰਗ ਕਰਵਾ ਸਕਦੀ ਹੈ ਅਤੇ ਇਹ ਸ਼ਨੀਵਾਰ ਨੂੰ ਹੋ ਸਕਦੀ ਹੈ। ਇਸ ਗੱਲ ਦੀ ਚਿੰਤਾ ਪ੍ਰਗਟਾਈ ਜਾ ਰਹੀ ਹੈ ਕਿ ਟਰੰਪ ਦੀ ਅਗਵਾਈ ਵਿੱਚ ਵ੍ਹਾਈਟ ਹਾਊਸ ਚੋਣ ਤੋਂ ਪਹਿਲਾਂ ਡਾਕ ਸੇਵਾ ਦੀ ਭੂਮਿਕਾ ਘੱਟ ਕਰਨ ਦੇ ਯਤਨ ਕਰ ਰਿਹਾ ਹੈ। ਇਹ ਵੋਟਿੰਗ ਡਾਕ ਸੇਵਾ ਵਿੱਚ ਟਰੰਪ ਪ੍ਰਸ਼ਾਸਨ ਵੱਲੋਂ ਕੀਤੀਆਂ ਤਬਦੀਲੀਆਂ ਨੂੰ ਰੋਕਣ ਲਈ ਹੋਵੇਗੀ। ਨਵੇਂ ਪੋਸਟਮਾਸਟਰ ਜਨਰਲ ਲੂਈਸ ਡੀਜਾਏ ਦੇ ਡਾਕ 'ਚ ਦੇਰੀ, ਨਵੀਂ ਫੀਸ ਅਤੇ ਸੇਵਾਵਾਂ 'ਚ ਕਟੌਤੀ ਕਰਨ ਦੇ ਕਦਮਾਂ ਦੀ ਪੂਰੇ ਦੇਸ਼ ਵਿੱਚ ਆਲੋਚਨਾ ਹੋਈ ਸੀ। ਇਹ ਕਦਮ ਉਦੋਂ ਉਠਾਏ ਗਏ, ਜਦੋਂ ਲੱਖਾਂ ਅਮਰੀਕੀ ਲੋਕ ਕੋਰੋਨਾ ਦੇ ਖਤਰੇ ਨੂੰ ਦੇਖ ਕੇ ਨਵੰਬਰ 'ਚ ਹੋਣ ਵਾਲੀਆਂ ਰਾਸ਼ਟਰਪਤੀ ਅਹੁਦੇ ਲਈ ਚੋਣਾਂ ਵਿੱਚ ਡਾਕ ਰਾਹੀਂ ਵੋਟਿੰਗ ਕਰਨ ਦੇ ਯਤਨ ਵਿੱਚ ਹਨ। ਪੈਲੋਸੀ ਨੇ ਸਹਿਯੋਗੀਆਂ ਨੂੰ ਇਸ ਬਾਰੇ ਵਿੱਚ ਇੱਕ ਪੱਤਰ ਭੇਜਿਆ ਹੈ, ਜਿਸ ਵਿੱਚ ਲਿਖਿਆ, ਮਹਾਮਾਰੀ ਦੇ ਦੌਰ ਵਿੱਚ ਚੋਣ ਦੇ ਕੇਂਦਰ ਵਿੱਚ ਡਾਕ ਸੇਵਾ ਹੈ। ਜੀਵਨ, ਅਮਰੀਕਾ ਤੇ ਅਮਰੀਕੀ ਲੋਕਤੰਤਰ ਨੂੰ ਰਾਸ਼ਟਰਪਤੀ ਤੋਂ ਖਤਰਾ ਹੈ। ਸੈਸ਼ਨ ਸੱਦਣ ਦਾ ਫੈਸਲਾ ਉਚ ਪੱਧਰੀ ਬੈਠਕ ਵਿੱਚ ਲਿਆ ਗਿਆ ਹੈ।



ਬੀਤੇ ਐਤਵਾਰ ਨੂੰ ਡੈਮੋਕ੍ਰੇਟ ਪਾਰਲੀਮੈਂਟ ਮੈਂਬਰਾਂ ਨੇ ਮੰਗ ਕੀਤੀ ਸੀ ਕਿ ਡਾਕ ਸੇਵਾ ਦੇ ਮੁੱਖ ਅਹੁਦੇਦਾਰ ਡਾਕ ਵਿੱਚ ਦੇਰੀ ਬਾਰੇ 24 ਅਗਸਤ ਨੂੰ ਹੋਣ ਵਾਲੀ ਹੰਗਾਮੀ ਸੁਣਵਾਈ ਵਿੱਚ ਗਵਾਹੀ ਦੇਣ। ਸਦਨ ਦੀ ਨਿਰੀਖਣ ਤੇ ਸੁਧਾਰ ਕਮੇਟੀ ਨੇ ਕਿਹਾ ਕਿ ਉਹ ਡੀਜਾਏ ਅਤੇ ਡਾਕ ਸੇਵਾ ਬੋਰਡ ਆਫ ਗਵਰਨਰਜ਼ ਦੇ ਪ੍ਰਧਾਨ ਰਾਬਰਟ ਡਨਕੈਨ ਦਾ ਪੱਖ ਸੁਣਨਾ ਚਾਹੁੰਦੀ ਹੈ। ਡਾਕ ਸੇਵਾ ਨੇ ਅਕਤੂਬਰ ਮੱਧ ਵਿੱਚ ਕ੍ਰਿਸਮਿਸ ਤੱਕ ਅਸਥਾਈ ਤੌਰ 'ਤੇ ਚੋਣਾਂ ਤੋਂ ਪਹਿਲਾਂ ਦਰਾਂ ਵਧਾਉਣ ਦੀ ਅਪੀਲ ਕੀਤੀ ਹੈ। ਓਧਰ ਇਸ ਤੋਂ ਪਹਿਲਾਂ ਅਮਰੀਕਾ ਦਾ ਡਾਕ ਵਿਭਾਗ ਵੀ ਕਈ ਵੋਟਾਂ ਦੀ ਗਿਣਤੀ ਤੇ ਹੋਰ ਗੜਬੜੀਆਂ ਤੇ ਮੱਦੇਨਜ਼ਰ ਡਾਕ ਰਾਹੀਂ ਵੋਟਿੰਗ ਬਾਰੇ ਆਪਣੀਆਂ ਮਜਬੂਰੀਆਂ ਦੱਸ ਚੁੱਕਿਆ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੋਟਿੰਗ ਡਾਕ ਸੇਵਾ 'ਚ ਬਦਲਾਵਾਂ ਦਾ ਬਚਾਅ ਕਰਦਿਆਂ ਵੋਟਿੰਗ ਕੇਂਦਰ 'ਚ ਆ ਕੇ ਵੋਟ ਪਾਉਣ ਦੀ ਵਕਾਲਤ ਕੀਤੀ ਹੈ। ਫਾਕਸ ਨਿਊਜ਼ ਨੂੰ ਦਿੱਤੀ ਇੰਟਰਵਿਊ 'ਚ ਉਨ੍ਹਾਂ ਕਿਹਾ ਕਿ ਉਹ ਵਧੇਰੇ ਵੋਟਿੰਗ ਬੂਥ ਬਣਾਏ ਜਾਣ, ਛੇਤੀ ਵੋਟਿੰਗ ਦੀ ਵਿਵਸਥਾ ਕਰਨ ਤੇ ਦੂਜੇ ਯਤਨਾਂ ਦਾ ਸਮਰਥਨ ਕਰਦੇ ਹਨ। ਹਾਲਾਂਕਿ ਇਸ ਦੌਰਾਨ ਉਨ੍ਹਾਂ ਨੇ ਡਾਕ ਰਾਹੀਂ ਵੋਟਿੰਗ ਦਾ ਵਿਰੋਧ ਕੀਤਾ ਹੈ।

## ਆਮਿਰ ਖਾਨ ਵੱਲੋਂ ਤੁਰਕੀ ਦੀ ਫਸਟ ਲੇਡੀ ਨਾਲ ਮੁਲਾਕਾਤ ਕਾਰਨ ਵਿਵਾਦ ਛਿੜਿਆ

ਇਸਤਾਂਬੁਲ, 18 ਅਗਸਤ (ਪੋਸਟ ਬਿਊਰੋ)- ਫਿਲਮ ਅਦਾਕਾਰ ਆਮਿਰ ਖਾਨ ਨੇ ਤੁਰਕੀ ਦੀ ਫਸਟ ਲੇਡੀ ਐਮਿਨ ਐਰਦੋਗਨ ਨਾਲ ਮੁਲਾਕਾਤ ਕੀਤੀ ਹੈ ਉਹ ਆਪਣੀ ਫਿਲਮ 'ਲਾਲ ਸਿੰਘ ਚੱਢਾ' ਦੀ ਸ਼ੂਟਿੰਗ ਲਈ ਤੁਰਕੀ 'ਚ ਗਏ ਹਨ। ਤੁਰਕੀ ਦੇ ਰਾਸ਼ਟਰਪਤੀ ਦੀ ਅਧਿਕਾਰਤ ਵੈਬਸਾਈਟ ਅਨੁਸਾਰ ਫਸਟ ਲੇਡੀ ਨੇ ਸ਼ਨੀਵਾਰ ਨੂੰ ਇਸਤਾਂਬੁਲ ਵਿਚਲੀ ਰਾਸ਼ਟਰਪਤੀ ਦੀ ਰਿਹਾਇਸ਼ 'ਚ ਆਮਿਰ ਖਾਨ ਨਾਲ ਮੁਲਾਕਾਤ ਕੀਤੀ। ਵਰਨਣ ਯੋਗ ਹੈ ਕਿ ਸ਼ਨੀਵਾਰ ਨੂੰ ਭਾਰਤ ਦਾ 74ਵਾਂ ਆਜ਼ਾਦੀ ਦਿਹਾੜਾ ਸੀ। ਫਸਟ ਲੇਡੀ ਨੇ ਇਸ ਬਾਰੇ ਟਵੀਟ ਕੀਤਾ ਕਿ ਮਸ਼ਹੂਰ ਭਾਰਤੀ ਅਦਾਕਾਰ, ਫਿਲਮ ਨਿਰਮਾਤਾ ਤੇ ਨਿਰਦੇਸ਼ਕ ਆਮਿਰ ਖਾਨ ਨਾਲ ਇਸਤਾਂਬੁਲ ਵਿੱਚ ਮਿਲ ਕੇ ਮੈਨੂੰ



ਬਹੁਤ ਖੁਸ਼ੀ ਹੋਈ। ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਉਹ ਆਪਣੀ ਫਿਲਮ 'ਲਾਲ ਸਿੰਘ ਚੱਢਾ' ਦੀ ਸ਼ੂਟਿੰਗ ਤੁਰਕੀ ਦੇ ਵੱਖ-ਵੱਖ ਹਿੱਸਿਆਂ 'ਚ ਪੂਰੀ ਕਰਨ ਆਏ ਹਨ। ਪ੍ਰੈਸ ਬਿਆਨ ਅਨੁਸਾਰ ਆਮਿਰ ਖਾਨ ਨੇ ਦੱਸਿਆ ਕਿ ਉਹ ਆਪਣੀ ਫਿਲਮ 'ਲਾਲ ਸਿੰਘ ਚੱਢਾ' ਦੀ ਸ਼ੂਟਿੰਗ ਤੁਰਕੀ 'ਚ ਪੂਰੀ ਕਰਨਗੇ ਕਿਉਂਕਿ ਕੋਰੋਨਾ ਵਾਇਰਸ ਕਾਰਨ ਇਸ ਦੀ ਸ਼ੂਟਿੰਗ ਭਾਰਤ ਵਿੱਚ ਪੂਰੀ ਨਹੀਂ ਹੋ ਸਕੀ। ਉਨ੍ਹਾਂ ਫਸਟ ਲੇਡੀ ਨੂੰ ਫਿਲਮ ਦੇ ਸੈੱਟ 'ਤੇ ਆਉਣ ਦਾ ਵੀ ਸੱਦਾ ਦਿੱਤਾ। ਆਮਿਰ ਖਾਨ ਵੱਲੋਂ ਤੁਰਕੀ ਦੀ ਫਸਟ ਲੇਡੀ ਐਮਿਨ ਐਰਦੋਗਨ ਨਾਲ ਮੁਲਾਕਾਤ ਕਰਨ ਪਿੱਛੋਂ ਭਾਜਪਾ ਦੇ ਰਾਜ ਸਭਾ ਮੈਂਬਰ ਸੁਬਰਾਮਨੀਅਮ ਸਵਾਮੀ ਨੇ ਉਸ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਟਵੀਟ ਕੀਤਾ, ਅਖੀਰ ਮੈਂ ਆਮਿਰ ਖਾਨ ਨੂੰ ਤਿੰਨ ਖਾਨ ਮੁਸਕੀਟੀਅਰਜ਼ 'ਚੋਂ ਇੱਕ ਕਹਿਣ ਦੇ ਕੇਸ ਵਿੱਚ ਸਹੀ ਸਾਬਤ ਹੋਇਆ ਹਾਂ। ਫਿਲਮ ਨਿਰਮਾਤਾ ਅਸ਼ੋਕ ਪੰਡਿਤ ਨੇ ਟਵੀਟ ਕੀਤਾ, 'ਪਿਆਰੇ ਆਮਿਰ ਖਾਨ, ਮੈਨੂੰ ਇਹ ਯਕੀਨ ਨਹੀਂ ਹੋ ਰਿਹਾ ਕਿ ਤੁਸੀਂ 74ਵੇਂ ਆਜ਼ਾਦੀ ਦਿਹਾੜੇ ਦੀ ਦੇਸ਼ ਵਾਸੀਆਂ ਨੂੰ ਵਧਾਈ ਨਹੀਂ ਦਿੱਤੀ।' ਇਸੇ ਤਰ੍ਹਾਂ ਫਿਲਮਸਾਜ਼ ਵਿਵੇਕ ਅਗਨੀਹੋਤਰੀ ਨੇ ਵੀ ਆਮਿਰ ਖਾਨ ਦੀ ਆਲੋਚਨਾ ਕੀਤੀ ਹੈ।

## ਮਲੇਸ਼ੀਆ 'ਚ ਕੋਰੋਨਾ ਦਾ ਨਵਾਂ ਰੂਪ ਮਿਲਿਆ, ਆਮ ਤੋਂ 10 ਗੁਣਾ ਵਧੇਰੇ ਇਨਫੈਕਟਿਡ

ਕੁਆਲਾਲੰਪੁਰ, 18 ਅਗਸਤ (ਪੋਸਟ ਬਿਊਰੋ)- ਮਲੇਸ਼ੀਆ ਵਿੱਚ ਕੋਰੋਨਾ ਵਾਇਰਸ ਦੇ ਇੱਕ ਹੋਰ ਨਵੇਂ ਪ੍ਰਕਾਰ ਦਾ ਪਤਾ ਲੱਗਿਆ ਹੈ, ਜੋ ਕਿ ਆਮ ਕੋਰੋਨਾ ਵਾਇਰਸ ਤੋਂ 10 ਗੁਣਾ ਜ਼ਿਆਦਾ ਇਨਫੈਕਟਿਡ ਦੱਸਿਆ ਜਾ ਰਿਹਾ ਹੈ। ਇਸ ਤਰ੍ਹਾਂ ਦੇ ਵਾਇਰਸ ਵਿਸ਼ਵ ਵਿੱਚ ਕਈ ਥਾਵਾਂ 'ਤੇ ਮਿਲੇ ਹਨ।


ਮਿਲੀ ਜਾਣਕਾਰੀ ਅਨੁਸਾਰ ਮਲੇਸ਼ੀਆ ਵਿੱਚ ਕੋਰੋਨਾ ਵਾਇਰਸ ਦੇ ਕਰੀਬ 45 ਕੇਸਾਂ ਵਿੱਚੋਂ ਇਹ ਵਾਇਰਸ ਸਭ ਤੋਂ ਪਹਿਲਾਂ ਤਿੰਨ ਲੋਕਾਂ ਵਿੱਚ ਪਾਇਆ ਗਿਆ ਸੀ, ਜਿਨ੍ਹਾਂ ਵਿੱਚੋਂ ਇੱਕ ਰੈਸਤਰਾਂ ਦਾ ਮਾਲਕ ਸੀ, ਜੋ ਭਾਰਤ ਤੋਂ ਪਰਤਿਆ ਸੀ। ਇਸ ਵਿਅਕਤੀ ਨੂੰ ਹੋਮ ਕੁਆਰੰਟਾਈਨ ਦਾ ਉਲੰਘਣ ਕਰਨ ਦੇ ਦੋਸ਼ਾਂ ਵਿੱਚ ਮਲੇਸ਼ੀਆਈ ਸਰਕਾਰ ਨੇ ਪੰਜ ਮਹੀਨੇ ਦੀ ਜੇਲ੍ਹ ਤੇ ਜੁਰਮਾਨੇ ਦੀ ਸਜ਼ਾ ਸੁਣਾਈ ਸੀ। ਅਜਿਹਾ ਹੀ ਇੱਕ



ਕੇਸ ਫਿਲਪੀਨਸ ਤੋਂ ਮੁੜਨ ਵਾਲੇ ਇੱਕ ਗਰੁੱਪ ਵਿੱਚ ਵੀ ਦੇਖਣ ਨੂੰ ਮਿਲਿਆ। ਇਸ ਗਰੁੱਪ ਦੇ 45 ਲੋਕਾਂ ਵਿੱਚੋਂ ਤਿੰਨ ਲੋਕਾਂ ਵਿੱਚ ਇਸ ਪ੍ਰਕਾਰ ਦਾ ਕੋਰੋਨਾ ਪਾਇਆ ਗਿਆ। ਸਿਹਤ ਡਾਇਰੈਕਟਰ ਜਨਰਲ ਦਾਤੁਕ ਡਾ. ਨੂਰ ਹਿਸ਼ਾਮ ਅਬਦੁੱਲਾ ਦਾ ਕਹਿਣਾ ਹੈ ਕਿ ਕੋਰੋਨਾ ਦੇ ਇਸ ਨਵੇਂ ਪ੍ਰਕਾਰ ਦਾ ਮਤਲਬ ਇਹ ਲੱਗਦਾ ਹੈ ਕਿ ਇਨਫੈਕਸ਼ਨ ਦਾ ਖ਼ਿਲਾਫ਼ ਬਣਾਏ ਟੀਕੇ 'ਤੇ ਅਧਿਐਨ ਅਜੇ ਅਧੂਰਾ ਜਾਂ ਅਪ੍ਰਭਾਵੀ ਹੋ ਸਕਦਾ ਹੈ।

















# NEW CONDOS COMING SOON

Beautiful nature, luxurious amenities, a rooftop lifestyle park, close to urban conveniences, in vibrant downtown Mississauga.

**Starting From $440,900**

## FREE ASSIGNMENT

**PERMISSION TO LEASE DURING OCCUPANCY**
**CAPPED DEVELOPMENT CHARGERS**

### QUICK FACTS

Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

### EXTENDED DEPOSIT STRUCTURE

$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



Residential
Commercial
Investment

Century 21
President Realty Inc
Brokerage*
Independently Owned and Operated.
Grewalhomes.com

**Jagdish Grewal**
Sales Representative
416 877-6464
or E-mail Jagdish@grewalhomes.com

# NEED A LAWYER ??

# KAUR LAW OFFICE

Red Seal NOTARY



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

OURR HOME & APPLIANCES

UPTO 70% OFF **WAREHOUSE SALE**
416.551.3343 OPEN TO PUBLIC
www.ourrhomeappliances.com

*Unbeatable Prices with Excellent Customer Service*

SERVING ONTARIO FROM

**TORONTO**
44 FASKEN DR, # 2 - 9
ETOBICOKE, ON M9W 5M8
(416)-792-0877, (416)-551-3343

**STONEY CREEK**
#6 – 410 LEWIS ROAD
STONEY CREEK, ON L8E 5Y7
(905) 643-0818

**LONDON**
#4 -1540 FANSHAWE PARK RD. W,
LONDON, ON N6H 5L8
(519)-641-1010

**BRAMPTON**
1-241 CLARENCE ST.,
BRAMPTON, ON L6W 3E7
(416)-551-3343

AUTHORISED DEALER OF ALL NAME BRANDS
JENN-AIR. Whirlpool MAYTAG Electrolux SAMSUNG LG KitchenAid FRIGIDAIRE GE

**BRAND NEW & OPEN BOX APPLIANCES**

GRAND OPENING SPECIAL
50% OFF for Non Insurance
Valid up to 30th Sep
---- Bring this coupon ----

**Dr. Randhawa Dentistry**
*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
*Invisible Braces* ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
*Show Your Smile More With Invisible Braces!*



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






# Grand Upholstery Ltd

**Sofa Company** Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ **L Shape** ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

**Tel: 905.791.2888 Cell: 647.293.3212**
5 Edvac Drive # 5 & 6 Brampton ON L6S 5P3 Email: grandupholsery@gmail.com

